World Punjabi News Network
WORLD PUNJABI ਪੰਜਾਬੀ | ਪੰਜਾਬੀ NEWS
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਸਰਹੱਦਾਂ ’ਤੇ ਟੈਂਕ, ਖੇਤਾਂ ’ਚ ਟਰੈਕਟਰ ਤੇ ਨੌਜਵਾਨਾਂ ਕੋਲ ਟਵਿੱਟਰ ਜ਼ਰੂਰੀ: ਟਿਕੈਤ



ਨਵੀਂ ਦਿੱਲੀ। ਪਿਛਲੇ ਸੱਤ ਮਹੀਨਿਆਂ ਤੋਂ ਤਿੰਨ ਖੇਤ ਕਾਨੂੰਨਾਂ ਵਿਰੁੱਧ ਦਿੱਲੀ ਦੀਆਂ ਹੱਦਾਂ ’ਤੇ ਪ੍ਰਦਰਸ਼ਨਾਂ ਦੀ ਅਗਵਾਈ ਕਰਨ ਵਾਲਿਆਂ ਵਿੱਚ ਸ਼ਾਮਲ ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਅੰਦੋਲਨ ਨੂੰ ਤੇਜ਼ ਕਰਨ ਲਈ ‘ਟ੍ਰਿਪਲ ਟੀ’ ਦਾ ਫਾਰਮੂਲਾ ਦਿੱਤਾ ਹੈ। ਟਿਕੈਤ ਨੇ ਕਿਹਾ ਕਿ ਦੇਸ਼ ਨੂੰ ਬਚਾਉਣ ਲਈ ਤਿੰਨ ਚੀਜ਼ਾਂ ਜ਼ਰੂਰੀ ਹਨ ‘ਸਰਹੱਦਾਂ ਤੇ ਟੈਂਕ, ਖੇਤਾਂ ਵਿੱਚ ਟਰੈਕਟਰ ਤੇ ਨੌਜਵਾਨਾਂ ਦੇ ਹੱਥਾਂ ਵਿੱਚ ਟਵਿੱਟਰ’। ਰਾਕੇਸ਼ ਟਿਕੈਤ ਨੇ ਕਿਹਾ ਕਿ ਜਿਹੜਾ ਕਿਸਾਨ ਖੇਤ ਵਿਚ ਕੰਮ ਕਰਦਾ ਹੈ ਤੇ ਟਰੈਕਟਰ ਚਲਾਉਂਦਾ ਹੈ, ਉਹੀ ਕਿਸਾਨ ਟੈਂਕ ਚਲਾਉਣ ਲਈ ਸਰਹੱਦਾਂ ’ਤੇ ਵੀ ਜਾਂਦਾ ਹੈ। ਉਨ੍ਹਾਂ ਕੋਲ ਬਹੁਤ ਸਾਰੇ ਸਿਪਾਹੀ ਹਨ ਜਿਹੜੇ ਖੇਤਾਂ ’ਚ ਟਰੈਕਟਰ ਚਲਾਉਂਦੇ ਹਨ ਤੇ ਸਰਹੱਦਾਂ ’ਤੇ ਟੈਂਕ ਚਲਾਉਂਦੇ ਹਨ। ਕਿਸਾਨ ਦੇ ਫੋਨ ਵਿਚ ਟਵਿੱਟਰ ਵੀ ਹੈ। ਇਹ ‘ਟ੍ਰਿਪਲ ਟੀ’ ਫਾਰਮੂਲਾ ਹੈ। ਇਸ ਨਾਲ ਨਾ ਸਿਰਫ ਕਿਸਾਨ ਅੰਦੋਲਨ ਬਲਕਿ ਦੇਸ਼ ਨੂੰ ਵੀ ਲਾਭ ਹੋਵ- ੇਗਾ। ਜੇ ਕਿਸਾਨ ਟਰੈਕਟਰ ਨਹੀਂ ਚਲਾਉਂਦਾ ਤਾਂ ਖੇਤੀ ਦਾ ਕੀ ਬਣੇਗਾ? ਤੇ ਜੇ ਉਹ ਸਰਹੱਦਾਂ ’ਤੇ ਟੈਂਕ ਚਲਾਉਣਾ ਭੁੱਲ ਜਾਵੇ ਤਾਂ ਦੇਸ਼ ਵਿਚ ਕਿਵੇਂ ਸ਼ਾਂਤੀ ਤੇ ਸੁਰੱਖਿਆ ਹੋਵੇਗੀ? ਜਿਸ ਤਰੀਕੇ ਨਾਲ ਕਿਸਾਨ ਦਾਣਾ ਤਿਆਰ ਕਰਦਾ ਹੈ ਤੇ ਸਰਹੱਦਾਂ ’ਤੇ ਟੈਂਕ ਚਲਾਉਂਦਾ ਹੈ, ਉਸ ਦ੍ਰਿਸ਼ਟੀਕੋਣ ਨੂੰ ਜ਼ਾਹਰ ਕਰਨ ਲਈ ਉਸ ਨੂੰ ਟਵਿੱਟਰ ਦੀ ਵਰਤੋਂ ਕਰਨੀ ਸਿੱਖਣੀ ਪਵੇਗੀ। ਉਨ੍ਹਾਂ ਕਿਹਾ ਕਿ ਸਾਰੇ ਸੈਨਿਕ ਦੇਸ਼ ਦੇ ਪੁੱਤ ਹਨ। ਇਹ ਫਾਰਮੂਲਾ ਭਵਿੱਖ ’ਚ ਮਦਦਗਾਰ ਹੋਵੇਗਾ। ਜ਼ਿਕਰਯੋਗ ਹੈ ਕਿ ਗਾਜ਼ੀਪੁਰ ਬਾਰਡਰ ’ਤੇ ਨੌਜਵਾਨਾਂ ਨੇ ਕਿਸਾਨਾਂ ਨੂੰ ਟਵਿੱਟਰ ਤੇ ਹੋਰ ਸੋਸ਼ਲ ਮੀਡੀਆ ਮੰਚਾਂ ਦੀ ਆਪਣੇ ਹਿੱਤ ਵਿੱਚ ਵਰਤੋਂ ਕਰਨ ਲਈ ਸਿਖਲਾਈ ਦੇਣ ਦਾ ਪ੍ਰਬੰਧ ਵੀ ਕਈ ਮਹੀਨੇ ਕਰੀ ਰੱਖਿਆ ਸੀ। ਟਿਕੈਤ ਨੇ ਕਿਹਾ ਕਿ ਸਰਕਾਰ ਨੇ ਕਾਰਪੋਰੇਟਾਂ ਨੂੰ ਤਿੰਨ ਖੇਤੀ ਕਾਨੂੰਨਾਂ ਲਾਗੂ ਕਰਕੇ ਕਿਸਾਨਾਂ ਨੂੰ ਲੁੱਟਣ ਲਈ ਇਕ ਸਾਧਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਕਿਸਾਨਾਂ ਲਈ ਬਣੇ ਕਾਨੂੰਨ ਨਹੀਂ ਹਨ ਬਲਕਿ ਕਾਰਪੋਰੇਟਾਂ ਲਈ ਹਨ ਤੇ ਇਸੇ ਕਰਕੇ ਸਰਕਾਰ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ।

## ਮੌਨਸੂਨ: ਦਿੱਲੀ ਤੇ ਗੁਆਂਢੀ ਸੂਬਿਆਂ ਨੂੰ ਅਜੇ ਕਰਨਾ ਪਵੇਗਾ ਇੰਤਜ਼ਾਰ

**ਨਵੀਂ ਦਿੱਲੀ।** ਮੌਸਮ ਵਿਭਾਗ ਅਨੁਸਾਰ ਦਿੱਲੀ ਤੇ ਇਸ ਦੇ ਗੁਆਂਢੀ ਸੂਬਿਆਂ ਰਾਜਸਥਾਨ, ਹਰਿਆਣਾ ਤੇ ਪੰਜਾਬ ਨੂੰ ਮੌਨਸੂਨ ਲਈ ਅਜੇ ਇੱਕ ਹੋਰ ਹਫ਼ਤਾ ਇੰਤਜ਼ਾਰ ਕਰਨਾ ਪੈ ਸਕਦਾ ਹੈ। ਵਿਭਾਗ ਨੇ ਇੱਕ ਬਿਆਨ ’ਚ ਦੱਸਿਆ ਕਿ ਦੱਖਣ-ਪੱਛਮੀ ਮੌਨਸੂਨ ਰਾਜਸਥਾਨ, ਦਿੱਲੀ, ਹਰਿਆਣਾ ਤੇ ਪੰਜਾਬ ਨੂੰ ਛੱਡ ਕੇ ਦੇਸ਼ ਦੇ ਵਧੇਰੇ ਹਿੱਸਿਆਂ ’ਚ ਪੁੱਜ ਚੁੱਕਾ ਹੈ। ਦੇਸ਼ ਦੇ ਇਨ੍ਹਾਂ ਭਾਗਾਂ ’ਚ ਅਗਲੇ ਸੱਤ ਦਿਨਾਂ ’ਚ ਮੌਨਸੂਨ ਦੇ ਪੁੱਜਣ ਦੀ ਸੰਭਾਵਨਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਸਾਲ ਮੌਨਸੂਨ ਦੀ ਮੁੱਖ ਵਿਸ਼ੇਸ਼ਤਾ ਪੂਰਬੀ, ਕੇਂਦਰੀ ਤੇ ਉੱਤਰ ਪੱਛਮੀ ਭਾਰਤ ਵਿੱਚ ਇਸ ਦੇ ਆਮ ਨਾਲੋਂ ਪਹਿਲਾਂ ਪੁੱਜਣਾ ਹੈ। ਮੌਸਮ ਵਿਭਾਗ ਦੇ ਖੇਤਰੀ ਕੇਂਦਰ ਦੇ ਮੁਖੀ ਕੁਲਦੀਪ ਸ੍ਰੀਵਾਸਤਵ ਨੇ ਕਿਹਾ ਕਿ ਦਿੱਲੀ-ਐੱਨਸੀਆਰ ਵਿੱਚ 26 ਜੂਨ ਨੂੰ ਹਲਕਾ ਮੀਂਹ ਪੈਣ ਦੀ ਸੰਭਾਵਨਾ



ਹੈ ਪਰ ਮੌਨਸੂਨ ਦੇ ਤੇਜ਼ ਮੀਂਹ ਲਈ ਅਜੇ ਇਸ ਖੇਤਰ ਨੂੰ ਉਡੀਕ ਕਰਨੀ ਪਵੇਗੀ। ਮੌਸਮ ਵਿਭਾਗ ਨੇ ਪਹਿਲਾਂ ਭਵਿੱਖਬਾਣੀ ਕੀਤੀ ਸੀ ਕਿ ਦਿੱਲੀ ਵਿੱਚ 15 ਜੂਨ ਨੂੰ ਮੌਨਸੂਨ ਪੁੱਜ ਸਕਦਾ ਹੈ, ਜੋ ਆਮ ਨਾਲੋਂ 12 ਦਿਨ ਪਹਿਲਾਂ ਹੈ। ਆਮ ਤੌਰ ’ਤੇ ਦਿੱਲੀ ਵਿੱਚ ਮੌਨਸੂਨ 27 ਜੂਨ ਨੂੰ ਪੁੱਜਦਾ ਹੈ, ਜਦਕਿ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਇਹ 8 ਜੁਲਾਈ ਨੂੰ ਪੁੱਜਦਾ ਹੈ।

## ਖੰਨਾ: ਸਰੀਏ ਨਾਲ ਲੱਦੇ ਟਰੱਕ ’ਚ ਬੱਸ ਵੱਜੀ, ਦੋ ਵਿਅਕਤੀਆਂ ਦੀ ਮੌਤ

**ਖੰਨਾ।** ਅੱਜ ਨੈਸ਼ਨਲ ਹਾਈਵੇ ਦੇ ਫਲਾਈ ਓਵਰ ’ਤੇ ਮਾਰਕਫ਼ੈਡ ਘਿਓ ਮਿੱਲ ਸਾਹਮਣੇ ਤੜਕੇ 3 ਵਜੇ ਹੋਏ ਹਾਦਸੇ ’ਚ ਦੋ ਵਿਅਕਤੀਆਂ ਦੀ ਮੌਤ ਹੋ ਗਈ। ਹਾਦਸੇ ਵਿੱਚ ਬੱਸ ਬੁਰੀ ਤਰ੍ਹਾਂ ਨੁਕਸਾਨੀ ਗਈ। ਉੱਤਰ ਪ੍ਰਦੇਸ਼ ਤੇ ਬਿਹਾਰ ਤੋਂ ਸਵਾਰੀਆਂ ਦੀ ਭਰੀ ਬੱਸ ਲੁਧਿਆਣਾ ਜਾ ਰਹੀ ਸੀ ਅਤੇ ਖੰਨਾ ਵਿਖੇ ਮਾਰਕਫ਼ੈਡ ਨੇੜੇ ਘਿਓ ਮਿੱਲ ਸਾਹਮਣੇ ਸੜਕ ’ਤੇ ਸਰੀਏ ਨਾਲ ਭਰੇ ਟਰੱਕ ਨਾਲ ਜਾ ਟਕਰਾਈ। ਬੱਸ ਤੇਜ਼ ਰਫ਼ਤਾਰ ਹੋਣ ਕਾਰਨ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਬੱਸ ਚਾਲਕ ਦੀ ਮੌਕੇ ’ਤੇ ਮੌਤ ਹੋ ਗਈ। ਇਸ ਦੌਰਾਨ ਇਕ ਲਾਸ਼ ਟਰੱਕ ਨੇੜਿਓ ਮਿਲੀ, ਜੋ ਟਰੱਕ ਚਾਲਕ ਦੀ ਦੱਸੀ ਜਾ ਰਹੀ, ਜੋ ਰਾਤ ਸਮੇਂ ਟਰੱਕ ਹੇਠਾਂ ਸੁੱਤਾ ਹੋਇਆ ਸੀ। ਹਾਦਸੇ ’ਚ ਲੁਧਿਆਣਾ ਵਾਸੀ ਵਿਸ਼ਵਨਾਥ ਅਤੇ ਕਲਾਵਤੀ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਲੁਧਿਆਣਾ ਰੈਫ਼ਰ ਕੀਤਾ ਗਿਆ। ਲਾਸ਼ ਪਛਾਣ ਲਈ ਸਿਵਲ ਹਸਪਤਾਲ ਰੱਖਵਾਈਆਂ ਗਈਆਂ।




OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਕਰੋਨਾ ਦੇ ਦੌਰ ਵਿਚ ਬੇਹਾਲ ਸਿਹਤ ਸੇਵਾਵਾਂ



ਮੁਲਕ ਵਿਚ ਕਰੋਨਾਵਾਇਰਸ ਦੀ ਦੂਜੀ ਲਹਿਰ ਨੇ ਸੱਚਮੁੱਚ ਕਹਿਰ ਢਾਹਿਆ ਹੈ। ਅਸਲ ਹਾਲਾਤ ਹੋਰ ਵੀ ਬਦਤਰ ਦੱਸੀ ਜਾਂਦੀ ਹੈ, ਕਿਉਂਕਿ ਬਹੁਤ ਸਾਰੇ ਕੇਸ ਰਿਕਾਰਡ ਵਿਚ ਨਹੀਂ ਆ ਰਹੇ ਜਾਂ ਦੱਸੇ ਨਹੀਂ ਜਾਂਦੇ। ਹਸਪਤਾਲਾਂ ਵਿਚ ਆਕਸੀਜਨ, ਵੈਂਟੀਲੇਟਰਾਂ, ਬੈਡਾਂ ਦੀ ਵੱਡੀ ਪੱਧਰ ਤੇ ਘਾਟ, ਮਰੀਜ਼ਾਂ ਲਈ ਐਂਬੂਲੈਂਸਾਂ ਦੀ ਘਾਟ, ਲੋੜੀਂਦੀਆਂ ਦਵਾਈਆਂ ਦੇ ਨਾ ਮਿਲਣ ਕਾਰਨ ਸਕੇ ਸਬੰਧੀਆਂ ਦੇ ਸਾਹਮਣੇ ਵਿਲਕ ਵਿਲਕ ਹੋਈਆਂ ਅਣਆਈਆਂ ਮੌਤਾਂ ਦੇ ਕੁਰਲਾਹਟ ਭਰੇ ਦ੍ਰਿਸ਼ਾਂ, ਮ੍ਰਿਤਕ ਦੇਹਾਂ ਦੀ ਬੇਕਦਰੀ, ਲੋਕਾਂ ਦੀ ਲਾਚਾਰੀ ਤੇ ਬੇਵਸੀ ਨੇ ਜਿਥੇ ਹਰ ਸੰਵੇਦਨਸ਼ੀਲ ਇਨਸਾਨ ਨੂੰ ਵਿਚਲਤ ਕੀਤਾ ਹੈ, ਉਥੇ ਸਾਡੇ ਮੁਲਕ ਦੇ ਸਿਹਤ ਤੰਤਰ ਦੀ ਕਾਰਗੁਜ਼ਾਰੀ, ਮਹਾਮਾਰੀਆਂ ਨਾਲ ਨਜਿੱਠਣ ਦੀ ਨਾਕਾਮਯਾਬੀ ਪੱਖੋਂ ਵੱਡੇ ਸਵਾਲੀਆ ਚਿੰਨ੍ਹ ਲਗਾਏ ਹਨ ਅਤੇ ਲੀਡਰਸ਼ਿਪ ਦੀ ਅਤਿ ਅਸੰਵੇਦਨਸ਼ੀਲਤਾ ਤੇ ਮੁਰਦਿਆਂ ਉਤੇ ਵੀ ਸਿਆਸਤ ਦੀ ਬੋਅ ਸੋਚਣ ਲਈ ਮਜਬੂਰ ਕਰਦੇ ਹਨ ਕਿ ਜੇਕਰ ਕਰੋਨਾਵਾਇਰਸ ਦੇ ਬਦਲਵੇਂ ਰੂਪ ਨੇ ਤੀਜੀ ਲਹਿਰ ਉਪਜਾਈ ਤਾਂ ਮੁਲਕ ਅਤੇ ਸਮਾਜ ਦਾ ਕੀ ਬਣੇਗਾ?

ਕਿਸੇ ਵੀ ਮੁਲਕ ਦੇ ਬਾਸ਼ਿੰਦਿਆਂ ਦਾ ਸਿਹਤ ਰੁਤਬਾ ਵਿਕਾਸ ਦੇ ਮਹੱਤਵਪੂਰਨ ਕਾਰਕ ਵਜੋਂ ਜਾਣਿਆ ਜਾਂਦਾ ਹੈ। ਰਵਾਇਤੀ ਕਬੀਲਿਆਂ ਤੇ ਸਮਾਜਾਂ ਵਿਚ ਆਪਣੇ ਇਲਾਕਿਆਂ, ਭੋਂ ਬਣਤਰਾਂ, ਸਮਾਜਿਕ ਤੇ ਸਭਿਆਚਾਰਕ ਉਸਾਰਾਂ, ਵਾਤਾਵਰਨ ਅਤੇ ਮੱਨੁਖਤਾ ਦੀ ਕਾਰਜਸ਼ੈਲੀ ਅਨੁਸਾਰ ਇਲਾਜ ਲਈ ਵੱਖ ਵੱਖ ਪ੍ਰਣਾਲੀਆਂ ਉਪਜੀਆਂ ਜੋ ਆਪਣੇ ਬਾਸ਼ਿੰਦਿਆਂ ਦੀ ਤੰਦਰੁਸਤੀ ਅਤੇ ਬਿਮਾਰੀਆਂ ਤੋਂ ਬਚਾਅ ਲਈ ਕੰਮ ਕਰਦੀਆਂ ਸਨ। ਇਹ ਪ੍ਰਣਾਲੀਆਂ ਆਮ ਕਰ ਕੇ ਮਨੁੱਖਤਾ ਦੀ ਸੇਵਾ ਸਮਝ ਕੇ ਨਿਭਾਈਆਂ ਜਾਂਦੀਆਂ ਜਿਸ ਵਿਚੋਂ ਮੁਨਾਫੇਖੋਰੀ ਦੀ ਬੋਅ ਨਹੀਂ ਸੀ ਆਉਦੀਂ, ਭਾਵੇਂ ਸਾਇੰਸ ਦੀ ਘਾਟ ਕਰ ਕੇ ਮਹਾਮਾਰੀਆਂ ਦੌਰਾਨ ਹਜ਼ਾਰਾਂ/ਲੱਖਾਂ ਲੋਕਾਂ ਦੀ ਮੌਤ ਹੋ ਜਾਂਦੀ ਅਤੇ ਦੁਨੀਆ ਇਸ ਨੂੰ ਰੱਬੀ ਕਰੋਪੀ ਸਮਝ ਸਬਰ ਕਰ ਲੈਂਦੇ। ਜਿਉਂ ਜਿਉਂ ਸਾਇੰਸ ਨੇ ਤਰੱਕੀ ਕੀਤੀ ਅਤੇ ਹੋਰ ਪੱਖਾਂ ਨਾਲ ਮੈਡੀਕਲ ਵਿਚ ਨਵੀਆਂ ਕਾਢਾਂ ਤੇ ਨਿੰਪੁਨਤਾ ਸਦਕਾ ਮਨੁੱਖੀ ਜੀਵਨ ਵਿਚ ਬਿਹਤਰੀ ਆਈ ਤੇ ਕੁਝ ਕੁ ਨੂੰ ਛੱਡ ਬਾਕੀ ਲਗਭੱਗ ਸਾਰੀਆਂ ਬਿਮਾਰੀਆਂ ਤੇ ਕਾਬੂ ਪਾ ਲਿਆ ਗਿਆ।

ਅੱਜ ਹਰ ਮੁਲਕ 'ਚ ਲੋਕਲ ਪ੍ਰਣਾਲੀਆਂ ਤੋਂ ਛੁੱਟ ਐਲੋਪੈਥਿਕ ਪ੍ਰਣਾਲੀ ਪ੍ਰਚਲਿਤ ਹੈ। ਭਾਰਤ 'ਚ ਆਧੁਨਿਕ ਇਲਾਜ ਪ੍ਰਣਾਲੀ (ਐਲੋਪੈਥਿਕ) ਤੇ ਸਿਹਤ ਸਹੂਲਤਾਂ ਨੂੰ ਸੰਸਥਾਈ ਰੂਪ ਯੂਰੋਪੀਅਨਾਂ, ਖਾਸ ਕਰ ਅੰਗਰੇਜ਼ਾਂ ਨੇ ਦਿੱਤਾ। ਵਿਦੇਸ਼ੀ ਹਾਕਮਾਂ, ਈਸਾਈ ਮਿਸ਼ਨਰੀਆਂ ਤੇ ਚੈਰੀਟੇਬਲ ਟਰੱਸਟਾਂ ਨੇ ਡਿਸਪੈਂਸਰੀਆਂ, ਸੈਂਟਰ ਤੇ ਹਸਪਤਾਲ ਬਣਾਏ। ਮੁੰਬਈ, ਹੈਦਰਾਬਾਦ, ਕੋਲਕਾਤਾ, ਦਿੱਲੀ, ਲਾਹੌਰ, ਲੁਧਿਆਣਾ ਆਦਿ ਸ਼ਹਿਰਾਂ ਵਿਚ ਕਾਰਜਸ਼ੀਲ ਰਹੇ ਪੁਰਾਣੇ ਨਾਮੀ ਹਸਪਤਾਲਾਂ ਨੂੰ ਅੱਜ ਵੀ ਲੋਕ ਯਾਦ ਕਰਦੇ ਹਨ। ਆਜ਼ਾਦ ਭਾਰਤ ਵਿਚ ਲਗਭਗ ਇਸੇ ਹੀ ਡਾਕਟਰੀ ਪ੍ਰਕਿਰਿਆ ਨੂੰ ਜਾਰੀ ਰੱਖਿਆ ਅਤੇ ਸਿਹਤ ਸਹੂਲਤਾਂ ਦੀ ਆਮ ਲੋਕਾਂ ਲਈ ਉਪਲਬਧੀ ਨੂੰ ਫੈਲਾਇਆ। ਸਿਹਤ ਸਹੂਲਤਾਂ ਪੱਖੋਂ ਅੰਕੜਿਆਂ ਦੇ ਸ੍ਰੋਤਾਂ ਵਿਚ ਬਹੁਤ ਵਖਰੇਵੇਂ ਪਾਏ ਜਾਂਦੇ ਹਨ, ਫਿਰ ਵੀ ਸਿੱਟਾ ਕੱਢਿਆ ਗਿਆ ਹੈ ਕਿ ਭਾਰਤ ਵਿਚ 1951 ਵੇਲੇ 10,000 ਦੇ ਕਰੀਬ ਮੈਡੀਕਲ ਸੰਸਥਾਵਾਂ ਸਨ ਪਰ ਇਨ੍ਹਾਂ ਵਿਚੋਂ ਵੱਡੇ ਹਸਪਤਾਲ ਥੋੜ੍ਹੇ ਸਨ। ਅੱਜ ਭਾਰਤ ਵਿਚ ਹਸਪਤਾਲਾਂ ਦੀ ਗਿਣਤੀ 39000 ਦੇ ਕਰੀਬ ਹੈ ਅਤੇ ਡਿਸਪੈਂਰੀਆਂ ਤੇ ਹੋਰ ਮੈਡੀਕਲ ਸੈਂਟਰਾਂ ਦੀ ਗਿਣਤੀ 1,70,000 ਦੇ ਨੇੜੇ ਹੈ। ਮੈਡੀਕਲ ਪੱਖੋਂ 1950 ਤੋਂ ਲੈ ਕੇ ਹੁਣ ਤਕ ਵੱਖ ਵੱਖ ਪ੍ਰੋਗਰਾਮਾਂ ਤੇ ਬਿਮਾਰੀਆਂ ਮੁਤਾਬਿਕ ਸ਼ੁਰੂ ਕੀਤੇ ਯਤਨਾਂ ਦੀ ਲੰਮੀ ਸੂਚੀ ਹੈ। ਇਸ ਤੋਂ ਛੁਟ ਗਿਣਤੀ 'ਚ ਨਾ ਆਉਣ ਵਾਲੇ ਅਨੇਕਾਂ ਹੀ ਪ੍ਰਾਈਵੇਟ ਹਸਪਤਾਲ ਹਨ ਜੋ ਹੱਡੀਆਂ, ਗੋਡਿਆਂ ਤੇ ਹੋਰ ਬਿਮਾਰੀਆਂ ਦਾ ਇਲਾਜ ਆਪਣੇ ਪੱਧਰ ਤੇ ਹੀ ਕਰੀ ਜਾਂਦੇ ਹਨ।

1991-92 ਤੋਂ ਬਾਅਦ ਨਵੀਆਂ ਆਰਥਿਕ ਨੀਤੀਆਂ ਦੀ ਆਮਦ ਕਰ ਕੇ ਹੋਰ ਸੈਕਟਰਾਂ ਵਾਂਗੂ ਮੈਡੀਕਲ ਸੈਕਟਰ ਵਿਚ ਵੀ ਨਵਾਂ ਮੋੜ ਆਇਆ ਤੇ ਸੰਸਾਰੀਕਰਨ, ਉਦਾਰੀਕਰਨ ਅਤੇ ਨਿਜੀਕਰਨ ਦੀ ਪ੍ਰਕਿਰਿਆ ਤਹਿਤ ਇਸ ਸੈਕਟਰ ਵਿਚ ਪ੍ਰਾਈਵੇਟ ਹਸਪਤਾਲਾਂ, ਲੈਬਾਰਟਰੀਆਂ ਤੇ ਹੋਰ ਸੰਸਥਾਵਾਂ ਦੀ ਸਥਾਪਨਾ ਬਹੁਤ ਤੇਜ਼ੀ ਨਾਲ ਹੋਈ। ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 1992 ਤੋਂ ਬਾਅਦ ਜਿਥੇ ਸਰਕਾਰੀ ਸਿਹਤ ਤੰਤਰ ਨਿਘਾਰ ਵੱਲ ਗਿਆ, ਉਥੇ ਅਣਗਿਣਤ ਪ੍ਰਾਈਵੇਟ ਹਸਪਤਾਲ ਤੇ ਲੈਬਾਰਟਰੀਆਂ ਖੁੰਬਾਂ ਵਾਂਗੂ ਪੈਦਾ ਹੋ ਗਏ। ਨਿੱਜੀਕਰਨ ਦੇ ਹੱਕ ਵਿਚ ਤਰਕ ਦਿੱਤਾ ਜਾਂਦਾ ਹੈ ਕਿ ਇਸ ਤਹਿਤ ਮੁਕਾਬਲੇ ਵਾਲੀ ਭਾਵਨਾ ਸਦਕਾ ਸੇਵਾਵਾਂ ਅੱਛੀਆਂ ਹੋਣਗੀਆਂ ਅਤੇ ਆਮ ਲੋਕਾਂ ਲਈ ਲਾਹੇਵੰਦ ਹੋਣਗੀਆਂ, ਸੇਵਾਵਾਂ ਲੋਕਾਂ ਨੂੰ ਉਹਨਾਂ ਦੇ ਇਲਾਕਿਆਂ ਤੇ ਸ਼ਹਿਰਾਂ ਵਿਚ ਮਿਲਣਗੀਆਂ। ਖੋਜੀ ਲਿਖਤਾਂ ਅਤੇ ਹੋਰ ਜਾਣਕਾਰੀ ਇਸ਼ਾਰਾ ਕਰਦੀ ਹੈ ਕਿ 28 ਸਾਲਾਂ ਤੋਂ ਵਧੇਰੇ ਇਸ ਅਰਸੇ ਦੌਰਾਨ ਮੈਡੀਕਲ ਸੈਕਟਰ ਵਿਚ ਪ੍ਰਾਈਵੇਟ ਸੰਸਥਾਵਾਂ ਦੀ ਕਾਰਗੁਜ਼ਾਰੀ ਸੋਚ ਤੋਂ ਉਲਟ ਆਮ ਲੋਕਾਂ ਲਈ ਵਧੇਰੇ ਮਾਰੂ ਅਤੇ ਬੋਝ ਸਾਬਤ ਜੋ ਰਹੀ ਹੈ। ਅੱਜ ਕਰੋਨਾ ਜਿਹੀ ਭਿਅੰਕਰ ਬਿਮਾਰੀ ਨਾਲ ਨਜਿੱਠਣ ਵੇਲੇ ਪ੍ਰਾਈਵੇਟ ਸਿਹਤ ਸੰਸਥਾਵਾਂ ਦੀ ਲੁੱਟ ਖਸੁੱਟ ਤੇ ਸਮੁਚੇ ਸਰਕਾਰੀ ਤੇ ਪ੍ਰਾਈਵੇਟ ਸਿਹਤ ਢਾਂਚੇ ਦਾ ਜੋ ਅਣਮਨੁੱਖੀ ਅਤੇ ਮਾਰੂ ਰੂਪ ਨਜ਼ਰ ਆਇਆ ਹੈ, ਉਸ ਦਾ ਕਦੇ ਕਿਸੇ ਨੇ ਕਿਆਸ ਵੀ ਨਹੀਂ ਕੀਤਾ ਹੋਣਾ। ਕਰੋਨਾ ਨਾਲ ਜਾਨਾਂ ਤਾਂ ਜਾ ਹੀ ਰਹੀਆਂ ਹਨ ਪਰ ਇਸ ਨੇ ਮਨੁੱਖੀ ਰਿਸ਼ਤਿਆਂ ਨੂੰ ਵੀ ਹਲੂਣ ਕੇ ਰੱਖ ਦਿੱਤਾ ਹੈ। ਆਪਣਿਆਂ ਦੁਆਰਾ ਲਾਸ਼ਾਂ ਦੇ ਸਸਕਾਰ ਤੋਂ ਭੱਜਣਾ, ਲਾਸ਼ਾਂ ਜਲਾਉਣ ਦੀ ਬਜਾਇ ਦੱਬ ਦੇਣਾ, ਪਿਤਾ ਵਲੋਂ ਧੀ ਅਤੇ ਪੁੱਤਰ ਵਲੋਂ ਮਾਂ ਦੀ ਲਾਸ਼ ਨੂੰ ਇਕੱਲਿਆਂ ਹੀ ਮੋਢੇ ਤੇ ਸ਼ਮਸ਼ਾਨ ਘਾਟ ਲੈ ਕੇ ਜਾਣਾ ਬਹੁਤ ਦੁਖਦਾਈ ਲਗਦਾ ਹੈ।

ਸਿਹਤ ਅਤੇ ਸਿਖਿਆ ਦੋ ਅਜਿਹੇ ਸੈਕਟਰ ਹਨ ਜਿਹਨਾਂ ਦੇ ਮਜ਼ਬੂਤ ਢਾਂਚੇ ਬਿਨਾਂ ਕੋਈ ਵੀ ਸਮਾਜ ਤਰੱਕੀ ਨਹੀਂ ਕਰ ਸਕਦਾ। ਇਹ ਤਾਂ ਹੀ ਸੰਭਵ ਹੈ ਜੇਕਰ ਸਮੇਂ ਸਮੇਂ ਲੋੜ ਤੇ ਹਾਲਾਤ ਮੁਤਾਬਿਕ ਇਹਨਾਂ ਨੂੰ ਨਵਿਆਇਆ ਜਾਵੇ। 1947 ਵੇਲੇ ਭਾਰਤ ਦੀ ਕੁਲ ਆਬਾਦੀ 35 ਕਰੋੜ ਸੀ ਜਿਹੜੀ ਹੁਣ 1 ਅਰਬ 35 ਕਰੋੜ ਦੇ ਕਰੀਬ ਹੈ। ਜਿਸ ਹਿਸਾਬ ਨਾਲ ਆਬਾਦੀ ਵਧੀ ਹੈ, ਉਸ ਹਿਸਾਬ ਨਾਲ ਮੈਡੀਕਲ ਸਹੂਲਤਾਂ ਵਿਚ ਵਾਧਾ ਨਹੀਂ ਹੋਇਆ ਅਤੇ ਨਾ ਹੀ ਢੁਕਵੀਂ ਵਿਉਂਤਬੰਦੀ ਹੋਈ ਹੈ। ਜੇਕਰ ਪ੍ਰਤੀ ਜੀਅ ਮੈਡੀਕਲ ਸਹੂਲਤਾਂ ਦੀ ਤੁਲਨਾ ਦੂਸਰੇ ਦੇਸ਼ਾਂ ਨਾਲ ਕੀਤੀ ਜਾਵੇ ਤਾਂ ਸਾਡਾ ਮੁਲਕ ਅਤਿ ਫਾਡੀਆਂ ਵਿਚ ਆਉਂਦਾ ਹੈ। ਇਥੇ ਹੀ ਬਸ ਨਹੀਂ, ਸਰਕਾਰਾਂ ਤਾਂ ਮੈਡੀਕਲ ਸੰਸਥਾਵਾਂ ਦਾ ਨਿਜੀਕਰਨ ਕਰ ਕੇ ਆਪਣੇ ਮੁਢਲੇ ਫਰਜ਼ਾਂ ਤੋਂ ਵੀ ਭੱਜ ਰਹੀਆਂ ਹਨ। ਅੱਜ ਲੋੜ ਵੇਲੇ 40 ਤੋਂ ਵਧੇਰੇ ਮੁਲਕਾਂ ਦੁਆਰਾ ਭਾਰਤ ਨੂੰ ਸਹਾਇਤਾ ਸਮੱਗਰੀ ਭੇਜਣਾ ਸਾਡੇ ਦੇਸ਼ ਦੇ ਲੀਡਰਾਂ ਦੀ ਨਾਲਾਇਕੀ ਦਾ ਨਤੀਜਾ ਹੈ। 1000 ਜਨ ਸੰਖਿਆ ਪਿਛੇ ਡਾਕਟਰਾਂ, ਪੈਰਾ-ਮੈਡੀਕਲ ਸਟਾਫ, ਜੀਵਨ ਰਖਿਅਕ ਸਾਜ਼ੋ-ਸਮਾਨ, ਬਿਸਤਰਿਆਂ ਆਦਿ ਦੀ ਉਪਲਬਧਤਾ ਪੱਖੋਂ ਭਾਰਤ ਦੀ ਸਥਿਤੀ ਅਤਿ ਨਿਰਾਸ਼ਾਜਨਕ ਹੈ। ਅਮਰੀਕਾ ਵਿਚ 1000 ਲੋਕਾਂ ਪਿਛੇ 2.6 ਡਾਕਟਰ, ਜਰਮਨੀ ਵਿਚ 4.2 ਅਤੇ ਭਾਰਤ ਵਿਚ 0.9 ਡਾਕਟਰ; ਭਾਵ 1 ਪ੍ਰਤੀਸ਼ਤ ਤੋਂ ਵੀ ਘੱਟ। ਸਿਹਤ ਸੇਵਾਵਾਂ ਜਾਂ ਹੈਲਥ ਕੇਅਰ ਉਪਰ ਨਿਰੋਲ ਘਰੇਲੂ ਉਤਪਾਦਨ ਦਾ ਜਿਥੇ ਅਮਰੀਕਾ 17.4% ਹਿਸਾ ਖਰਚ ਕਰਦਾ ਹੈ, ਉਥੇ ਜਰਮਨੀ 10.7%, ਕੈਨੇਡਾ 9.8% ਪਾਕਿਸਤਾਨ 3.9% ਅਤੇ ਭਾਰਤ 1.23% ਹਿੱਸਾ ਖਰਚ ਕਰਦਾ ਹੈ। ਸਾਡੇ ਦੇਸ਼ ਵਿਚੋਂ ਡਾਕਟਰੀ ਪਾਸ ਕਰ ਕੇ ਵਧੇਰੇ ਲੋਕ ਵਿਦੇਸ਼ਾਂ ਨੂੰ ਤਰਜੀਹ ਦੇ ਰਹੇ ਹਨ। 2017 ਤੱਕ ਅਮਰੀਕਾ, ਇੰਗਲੈਂਡ, ਕੈਨੇਡਾ, ਆਸਟਰੇਲੀਆ ਵਿਚ 69000 ਭਾਰਤੀ ਡਾਕਟਰ ਕੰਮ ਰਹੇ ਹਨ ਅਤੇ ਇਸ ਤੋਂ ਵੱਧ ਹੋਰ ਅਮਲਾ-ਫੈਲਾ ਵੀ ਹੋਵੇਗਾ। ਇਸ ਤੋਂ ਛੁੱਟ ਸਾਡੇ ਦੇਸ਼ ਵਿਚ ਤਾਂਤਰਿਕ ਤਾਣੇ-ਬਾਣੇ ਰੂੜੀਵਾਦੀ ਤੇ ਅੰਧਕਾਰੀ ਸੋਚ ਨੇ ਲੋਕਾਂ ਨੂੰ ਜਕੜਿਆ ਹੋਇਆ ਹੈ। ਪਸ਼ੂਆਂ ਦੇ ਗੋਬਰ ਤੇ ਪਿਸ਼ਾਬ ਨਾਲ ਇਲਾਜ ਦਸੀ ਜਾਣਾ ਸਾਇੰਸ ਪੱਖੀ ਸੋਚ ਨੂੰ ਦਰਕਿਨਾਰ ਕਰਨ ਤੁਲ ਹੈ। ਕਰੋਨਾ ਲਈ ਬਣੇ ਟੀਕਾਕਰਨ ਪੱਖੋਂ ਹਾਲਾਤ ਬਹੁਤ ਚਿੰਤਾਜਨਕ ਹਨ। ਜਿਥੇ ਵਿਕਸਿਤ ਮੁਲਕਾਂ ਨੇ ਆਪਣੀ ਆਬਾਦੀ ਦੇ ਵੱਡੇ ਭਾਗ ਨੂੰ ਕਰੋਨਾ ਰੋਕੂ ਟੀਕਿਆਂ ਦੀਆਂ ਖੁਰਾਕਾਂ ਦੇ ਦਿਤੀਆਂ ਹਨ, ਉਥੇ ਸਾਡੇ ਮੁਲਕ ਵਿਚ ਟੀਕੇ ਬਣਨ ਉਪਰੰਤ ਵੀ 1 ਡੋਜ਼ ਤਾਂ 13% ਜਨ ਸੰਖਿਆ ਨੂੰ ਲੱਗਿਆ ਦੱਸਿਆ ਜਾਦਾਂ ਹੈ ਜਦਕਿ 2 ਡੋਜ਼ਾਂ ਲੈਣ ਵਾਲੇ 2-3 % ਹੀ ਹਨ।

ਕੋਈ ਸ਼ੱਕ ਨਹੀਂ ਕਿ ਸਾਡੇ ਦੇਸ਼ ਦੇ ਬਹੁਤ ਸਾਰੇ ਡਾਕਟਰਾਂ, ਪੈਰਾ-ਮੈਡੀਕਲ ਸਟਾਫ ਆਦਿ ਨੇ ਆਪਣੀਆਂ ਜਾਨਾਂ ਤੇ ਖੇਡ ਕੇ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਸਰਕਾਰਾਂ ਦੀ ਗੈਰ-ਮਿਆਰੀ ਵਿਉਂਤਬੰਦੀ, ਅਫਸਰਾਂ ਦੀ ਸ਼ਾਹਾਨਾ ਪਹੁੰਚ ਤੇ ਲੋੜੀਂਦੇ ਬਚਾਅ ਪ੍ਰਬੰਧਾਂ ਤੇ ਪੀਪੀਈ ਕਿੱਟਾਂ ਆਦਿ ਦੀ ਘਾਟ ਸਦਕਾ ਵਧੇਰੇ ਮਰੀਜ਼ ਫੌਤ ਹੋ ਗਏ ਹਨ। ਮਾਨਵਤਾ ਦੀ ਸੇਵਾ ਕਰਦਿਆਂ ਪਿਛਲੇ ਸਾਲ 730 ਡਾਕਟਰ ਮੌਤ ਦੇ ਮੂੰਹ ਵਿਚ ਚਲੇ ਗਏ ਜਦਕਿ ਇਸ ਸਾਲ ਹੁਣ ਤਕ ਤਿੰਨ ਮਹੀਨਿਆਂ ਵਿਚ ਹੀ ਢਾਈ ਸੌ ਦੇ ਕਰੀਬ ਡਾਕਟਰ ਫਰਜ਼ਨਵੀਸੀ ਕਰਦੇ ਫੌਤ ਹੋਏ ਹਨ। ਸਾਡੇ ਦੇਸ਼ ਦੀ ਰਾਜਨੀਤੀ ਮੈਡੀਕਲ ਤੇ ਹੋਰ ਸੈਕਟਰਾਂ ਵਿਚ ਵੀ, ਪੇਸ਼ੇਵੇਰਾਨਾ ਸਲਾਹਾਂ ਦੀ ਪ੍ਰਵਾਹ ਨਹੀਂ ਕਰਦੇ। ਸੁਪਰੀਮ ਕੋਰਟ ਉਤੇ ਵੱਖ ਵੱਖ ਹਾਈਕੋਰਟਾਂ ਦੀਆਂ ਤਿੱਖੀਆਂ ਟਿਪਣੀਆਂ ਵੀ ਕਾਰਗਰ ਸਿੱਧ ਨਹੀਂ ਹੋ ਰਹੀਆਂ। ਅਲਾਹਾਬਾਦ ਹਾਈ ਕੋਰਟ ਨੇ ਤਾਂ ਯੂਪੀ ਦੇ ਮਾੜੇ ਮੈਡੀਕਲ ਸਿਸਟਮ ਨੂੰ 'ਰਾਮ ਭਰੋਸੇ' ਕਹਿ ਕੇ ਝਾੜ ਪਾਈ ਹੈ। ਡਾ. ਸ਼ਾਹਿਦ ਜਮੀਲ ਦਾ ਅਸਤੀਫਾ ਅਤੇ 800 ਡਾਕਟਰਾਂ ਦੇ ਦਸਤਖਤ ਕੀਤੇ ਪੱਤਰ ਵੱਲ ਵੀ ਧਿਆਨ ਨਾ ਦੇਣਾ ਇਸ ਦਾ ਪ੍ਰਤਖ ਤੱਥ ਹੈ। ਮ੍ਰਿਤਕਾਂ ਦੇ ਪੂਰੇ ਅੰਕੜੇ ਨਾ ਦੱਸਣਾ, ਡਾਕਟਰਾਂ ਨੂੰ ਦਬਾਉਣਾ ਆਦਿ ਅਜੋਕੇ ਯੁਗ ਦਾ ਮਾਰੂ ਰਸਿਆਸੀ ਪੱਖ ਹੈ। ਭਾਰਤ ਦੁਆਰਾ ਕਰੋਨਾ ਨੂੰ ਨਜਿੱਠਣ ਲਈ ਮਾੜੇ ਪ੍ਰਬੰਧਾਂ ਬਾਰੇ ਕੌਮਾਂਤਰੀ ਮੈਗਜ਼ੀਨਾਂ ਵਿਚ ਰਿਪੋਰਟਿੰਗ ਬਹੁਤ ਅਣਸੁਖਾਵੀਂ ਹੈ। ਕਰੋਨਾ ਤੋਂ ਛੁਟ ਹੋਰ ਬਿਮਾਰੀਆਂ ਵਿਚ ਤੇਜ਼ੀ ਨਾਲ ਵਾਧਾ ਜੋ ਰਿਹਾ ਹੈ। ਪੰਜਾਬ ਵਿਚ ਦਿਲ ਦੀਆਂ ਬਿਮਾਰੀਆਂ, ਪੇਟ ਦੇ ਰੋਗ, ਜੋੜਾਂ ਦੇ ਦਰਦ, ਸ਼ਕਰ ਰੋਗ, ਡਿਪਰੈਸ਼ਨ, ਬਲੱਡ ਪ੍ਰੈਸ਼ਰ, ਚਮੜੀ ਦੇ ਰੋਗ, ਕੈਂਸਰ ਆਦਿ ਵਰਗੇ ਰੋਗ ਘਣੀ ਮਾਤਰਾ ਵਿਚ ਪਾਏ ਗਏ। ਲੌਕਡਾਊਨ ਅਤੇ ਹੋਰ ਬੰਦਿਸ਼ਾਂ ਕਾਰਨ ਲੋਕ ਮਾਨਸਿਕ ਤੌਰ ਤੇ ਬਿਮਾਰ ਹੋ ਰਹੇ ਹਨ ਜੋ ਮਲ੍ਹਮ-ਪੱਟੀ ਤੇ ਭਾਈਚਾਰਕ ਸਾਂਝ ਦੀ ਮੰਗ ਕਰ ਕੇ ਹਨ। ਉਪਰੋਕਤ ਨੂੰ ਧਿਆਨ ਵਿਚ ਰੱਖਦੇ ਹੋਏ ਲੋੜੀਂਦਾ ਇਹ ਹੈ ਕਿ ਕਰੋਨਾ ਵਰਗੀ ਭਿਅੰਕਰ ਬਿਮਾਰੀ ਨਾਲ ਨਜਿੱਠਣ ਲਈ ਜੰਗੀ ਪੱਧਰ ਤੇ ਕੋਸ਼ਿਸ਼ਾਂ ਕੀਤੀਆਂ ਜਾਣ ਅਤੇ ਮੈਡੀਕਲ ਸੈਕਟਰ ਵਿਚਲੀ ਫੈਲ ਰਹੀ ਲੁਟ ਖਸੁਟ ਰੋਕੀ ਜਾਵੇ। ਕਰੋਨਾ ਮਹਾਮਾਰੀ ਵੇਲੇ ਤਾਂ ਸਰਕਾਰਾਂ ਨੂੰ ਮੁਫਤ ਟੀਕਾਕਰਨ ਅਤੇ ਮੁਢਲੀਆਂ ਜ਼ਰੂਰਤਾਂ ਦੀ ਪੂਰਤੀ ਕਰਨੀ ਹੀ ਚਾਹੀਦੀ ਹੈ। ਕਰੋਨਾ ਦੇ ਨਵੇਂ ਰੂਪਾਂ ਤੇ ਬਲ਼ੈਕ ਫੰਗਸ ਜਿਹੇ ਘਾਤਕ ਰੋਗਾਂ ਤੋ ਬਚਾਅ ਹਿਤ ਨਵੇਂ ਪਬਲਿਕ ਸੈਕਟਰ ਵਿਚ ਹਸਪਤਾਲਾਂ ਦੀ ਸਥਾਪਨਾ, ਲੋੜੀਂਦੀ ਆਕਸੀਜਨ, ਬੈੱਡਾਂ, ਵੈਂਟੀਲੇਟਰਾਂ, ਡਾਕਟਰਾਂ ਲਈ ਬਚਾਉ ਸਮਾਨ ਦੀ ਉਪਲਬਧੀ ਨਿਹਾਇਤ ਜ਼ਰੂਰੀ ਹੈ। ਭਾਰਤ ਦੀ ਵਧੇਰੇ ਵਸੋਂ ਵਿਚ ਗਰੀਬੀ ਦੀ ਭਰਮਾਰ ਹੈ, ਇਸ ਲਈ ਸਮੁੱਚੇ ਸਰਕਾਰੀ ਸਿਹਤ ਤੰਤਰ ਦੀ ਦਰੁਸਤੀ ਅਤੇ ਇਸ ਵਿਚ ਵਿਸ਼ਵਾਸ ਦੀ ਬਹਾਲੀ ਦੀ ਜ਼ਰੂਰਤ ਹੈ। ਵਧ ਰਹੀ ਆਬਾਦੀ ਤੇ ਬਿਮਾਰੀਆਂ ਦੇ ਮੱਦੇਨਜ਼ਰ ਜ਼ਿਲ੍ਹਾ, ਬਲਾਕ, ਪਿੰਡ ਤੇ ਮੁਹੱਲੇ ਦੇ ਪੱਧਰ ਤੱਕ ਮੈਡੀਕਲ ਸਹੂਲਤਾਂ ਦੀ ਲੜੀ ਦੀ ਜ਼ਰੂਰਤ ਹੈ ਤਾਂ ਜੋ ਲੋਕ ਆਪਣੀ ਵਿੱਤ ਮੁਤਾਬਿਕ ਇਲਾਜ ਕਰਵਾ ਸਕਣ। ਮੰਨਿਆ ਗਿਆ ਹੈ ਕਿ ਜਿਥੇ ਸਾਰਥਕ ਕੋਸ਼ਿਸ਼ਾਂ ਹੋਣ, ਉਥੇ ਕੁਦਰਤ ਵੀ ਮਿਹਰ ਭਰਿਆ ਹੱਥ ਰੱਖਦੀ ਹੈ।

**ਡਾ. ਸੁਖਦੇਵ ਸਿੰਘ**
**ਸੰਪਰਕ: 94177-15730**

## ਮੈਂ ਮਿਆਰੀ ਕੰਮ ਕਰਨ ਵਿੱਚ ਭਰੋਸਾ ਰੱਖਦੀ ਹਾਂ: ਨਿੱਕੀ ਤੰਬੋਲੀ

**ਮੁੰਬਈ।** ਨਿੱਕੀ ਤੰਬੋਲੀ ਕੋਲ ਕੰਮ ਦਾ ਹੜ੍ਹ ਆ ਗਿਆ ਹੈ। ਬਿੱਗ ਬੌਸ ਸੀਜ਼ਨ-14 ਦੀ ਮੁਕਾ-ਬਲੇਬਾਜ਼ ਹੁਣ 'ਐਕਸ਼ਨ ਰਿਐਲਟੀ ਸ਼ੋਅ' ਤੋਂ ਲੈ ਕੇ ਮਿਊਜ਼ਿਕ ਵੀਡਿਓਜ਼ ਵਿੱਚ ਕੰਮ ਕਰ ਰਹੀ ਹੈ। ਨਿੱਕੀ ਦਾ ਕਹਿਣਾ ਹੈ ਕਿ ਉਹ ਮਿਆਰੀ ਕੰਮ ਕਰਨ ਲਈ ਦ੍ਰਿੜ ਹੈ ਅਤੇ ਇਸੇ ਕੰਮ ਵਿੱਚ ਭਰੋਸਾ ਰੱਖਦੀ ਹੈ। ਨਿੱਕੀ ਨੇ ਕਿਹਾ,''ਮੈਂ ਲਗਾਤਾਰ ਗੁਣਵੱਤਾ ਭਰਪੂਰ ਮਨੋਰੰਜਨ ਕਰਨ ਲਈ ਅਟੱਲ ਹਾਂ ਤੇ ਕਰ ਰਹੀ ਹਾਂ ਅਤੇ ਮੈਂ ਇਸੇ ਵਿੱਚ ਭਰੋਸਾ ਰੱਖਦੀ ਹਾਂ। ਇਹ ਮੇਰੀ ਜ਼ਿੰਦਗੀ ਦਾ ਅਜਿਹਾ ਪੜਾਅ ਹੈ, ਜਿੱਥੇ ਕਿ ਮੈਨੂੰ ਲਗਾਤਾਰ ਇੱਕ ਕੰਮ ਮਿਲ ਰਿਹਾ ਹੈ ਜੋ ਸੱਚਮੁਚ ਮੇਰੇ ਲਈ ਅਸ਼ੀਰਵਾਦ ਹੈ। ਮੈਂ ਇੱਥੇ ਮੈਨੂੰ ਪਰਦੇ 'ਤੇ ਦੇਖਣ ਵਾਲੇ ਦਰਸ਼ਕਾਂ ਦਾ ਮਨੋਰੰਜਨ ਕਰਨ ਅਤੇ ਆਪਣਾ ਸਰਵੋਤਮ ਦੇਣ ਆਈ ਹਾਂ। ਇਹ ਤਾਂ ਹਾਲੇ ਸ਼ੁਰੂਆਤ ਹੈ ਅਤੇ ਦਰਸ਼ਕਾਂ ਨੂੰ ਅੱਗੇ ਬਹੁਤ ਕੁਝ ਦੇਖਣ ਲਈ ਮਿਲੇਗਾ। ਮੇਰਾ ਇੱਕ ਗੀਤ ਅਗਲੇ ਹਫ਼ਤੇ ਰਿਲੀਜ਼ ਹੋਵੇਗਾ। ਮੈਨੂੰ ਉਮੀਦ ਹੈ ਕਿ ਇਹ ਗੀਤ ਤੁਹਾਨੂੰ ਸਾਰਿਆਂ ਨੂੰ ਇਹ ਪਸੰਦ ਆਵੇਗਾ।'' ਦੱਸਣਯੋਗ ਹੈ ਨਿੱਕੀ ਮਿਲਿੰਦ ਗਾਬਾ ਦੇ ਗੀਤ 'ਸ਼ਾਂਤੀ' ਵਿੱਚ ਕੰਮ ਕਰ ਚੁੱਕੀ ਹੈ। ਉਹ ਕੇਪ ਟਾਊਨ ਵਿੱਚ 'ਖਤਰੋਂ ਕੇ ਖਿਲਾੜੀ 11' ਦੀ ਸੂਟਿੰਗ ਕਰ ਚੁੱਕੀ ਹੈ। ਨਿੱਕੀ ਟੋਨੀ ਕੱਕੜ ਦੇ 'ਨੰਬਰ ਲਿਖ' ਗੀਤ ਵਿੱਚ ਵੀ ਨਜ਼ਰ ਅਵੇਗੀ।



## ਜੂਹੀ ਚਾਵਲਾ ਨੇ 'ਸ਼ੋਅ ਮੀ ਦਿ ਡੇਟਾ' ਲਿਖੀ ਟੀ-ਸ਼ਰਟ ਪਾ ਕੇ ਤਸਵੀਰ ਸਾਂਝੀ ਕੀਤੀ

**ਮੁੰਬਈ।** ਬੌਲੀਵੁੱਡ ਅਦਾਕਾਰਾ ਜੂਹੀ ਚਾਵਲਾ ਨੇ ਮੰਗਲਵਾਰ ਨੂੰ ਸੋਸ਼ਲ ਮੀਡੀਆ 'ਤੇ ਆਪਣੀ ਤਸਵੀਰ ਸਾਂਝੀ ਕੀਤੀ ਹੈ, ਜਿਸ ਵਿੱਚ ਉਸ ਨੇ ਕਾਲੇ ਰੰਗ ਦੀ ਟੀ-ਸ਼ਰਟ ਪਾਈ ਹੈ ਅਤੇ ਉਸ ਉੱਤੇ ਲਿਖਿਆ ਹੋਇਆ ਹੈ 'ਸ਼ੋਅ ਮੀ ਦਿ ਡੇਟਾ'। ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਇਸ ਤਸਵੀਰ ਵਿੱਚ ਉਹ ਆਪਣੇ ਘਰ ਦੇ ਬਗੀਚੇ ਵਿੱਚ ਬੈਠੀ ਹੋਈ ਯੋਗ ਕਰਦੀ ਨਜ਼ਰ ਆ ਰਹੀ ਹੈ। ਇਸ ਪੋਸਟ ਵਿੱਚ ਜੂਹੀ ਨੇ ਲਿਖਿਆ,'' ਮੈਂ ਸੱਚ ਅਤੇ ਸਾਦਗੀ ਵਿੱਚ ਵਿਸ਼ਵਾਸ ਰੱਖਦੀ ਹਾਂ, ਮੈਂ ਆਪਣੇ ਦੇਸ਼ ਵਿੱਚ ਆਪਣੇ ਭਾਰਤ ਵਿੱਚ ਵਿਸ਼ਵਾਸ ਰੱਖਦੀ ਹਾਂ''। ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਜੂਹੀ ਵੱਲੋਂ 5ਜੀ ਵਾਇਰਲੈੱਸ ਨੈੱਟਵਰਕ ਸਥਾਪਿਤ ਕਰਨ ਵਿਰੁੱਧ ਦਿੱਲੀ ਹਾਈ ਕੋਰਟ ਵਿੱਚ ਪਾਈ ਪਟੀਸ਼ਨ ਨੂੰ ਹਾਈ ਕੋਰਟ ਨੇ ਖਾਰਜ ਕਰ ਦਿੱਤਾ ਸੀ ਤੇ ਉਸ ਨੂੰ ਕਾਨੂੰਨ ਦੀ ਪ੍ਰਕਿਰਿਆ ਦੀ ਦੁਰਵਰਤੋਂ ਕਰਨ ਦੇ ਦੋਸ਼ ਹੇਠ 20 ਲੱਖ ਰੁਪਏ ਜੁਰਮਾਨਾ ਲਾਇਆ ਗਿਆ ਸੀ। ਇਸਦੇ ਕੁਝ ਦਿਨਾਂ ਬਾਅਦ ਜੂਹੀ ਚਾਵਲਾ ਨੇ ਸੋਸ਼ਲ ਮੀਡੀਆ 'ਤੇ ਆਪਣੀ ਇੱਕ ਵੀਡੀਓ ਸਾਂਝੀ ਕੀਤੀ ਸੀ, ਜਿਸ ਵਿੱਚ ਉਸਨੇ ਕਿਹਾ ਸੀ,''ਅਸੀਂ 5ਜੀ ਦੇ ਖ਼ਿਲਾਫ਼ ਨਹੀਂ ਹਾਂ, ਅਸੀਂ ਸਭ ਨੂੰ ਪੁੱਛ ਰਹੇ ਹਾਂ ਕਿ ਕੀ ਅਧਿਕਾਰੀ ਪ੍ਰਮਾਣਿਤ ਕਰਦੇ ਹਨ ਕਿ 5ਜੀ ਸੁਰੱਖਿਅਤ ਹੈ? ਕਿਰਪਾ ਕਰ ਕੇ ਇਸ ਨੂੰ ਪ੍ਰਮਾਣਿਤ ਕਰੋ ਅਤੇ ਇਸ 'ਤੇ ਕੀਤੇ ਆਪਣੇ ਅਧਿਐਨ ਅਤੇ ਖੋਜ ਨੂੰ ਜਨਤਕ ਡੋਮੇਨ 'ਤੇ ਪ੍ਰਕਾਸ਼ਤਿ ਕਰੋ ਤਾਂ ਜੋ ਅਸੀਂ ਆਪਣੇ ਇਸ ਡਰ ਤੋਂ ਛੁਟਕਾਰਾ ਪਾ ਸਕੀਏ। ਅਸੀਂ ਬਸ ਇਹ ਜਾਨਣਾ ਚਾਹੁੰਦੇ ਹਾਂ ਕਿ ਕੀ ਇਹ ਬੱਚਿਆਂ, ਗਰਭਵਤੀ ਔਰਤਾਂ, ਅਣਜੰਮੇ ਬੱਚਿਆਂ ਜਾਂ ਆਮ ਲੋਕਾਂ ਲਈ ਸੁਰੱਖਿਅਤ ਹੈ।''




## ਨਿਊਜ਼ੀਲੈਂਡ ਬਣਿਆ ਵਿਸ਼ਵ ਟੈਸਟ ਚੈਂਪੀਅਨ

### ਭਾਰਤ ਨੂੰ ਅੱਠ ਵਿਕਟਾਂ ਨਾਲ ਹਰਾਇਆ




**ਸਾਊਥੈਂਪਟਨ। ਨਿਊਜ਼ੀਲੈਂਡ ਨੇ ਇੱਥੇ ਇੱਕ ਰੋਮਾਂਚਕ ਮੁਕਾਬਲੇ ਵਿੱਚ ਭਾਰਤ ਨੂੰ ਅੱਠ ਵਿਕਟਾਂ ਨਾਲ ਹਰਾ ਕੇ ਵਿਸ਼ਵ ਟੈਸਟ ਚੈਂਪੀਅਨਸ਼ਿਪ ਦਾ ਪਲੇਠਾ ਖ਼ਿਤਾਬ ਆਪਣੇ ਨਾਂ ਕਰ ਲਿਆ। ਨਿਊਜ਼ੀਲੈਂਡ ਨੂੰ ਜਿੱਤ ਲਈ 139 ਦੌੜਾਂ ਦਾ ਟੀਚਾ ਮਿਲਿਆ ਸੀ, ਜਿਸ ਨੂੰ ਟੀਮ ਨੇ 45.5 ਓਵਰਾਂ ਵਿੱਚ ਦੋ ਵਿਕਟਾਂ ਦੇ ਨੁਕਸਾਨ ਨਾਲ ਪੂਰਾ ਕਰ ਲਿਆ। ਨਿਊਜ਼ੀਲੈਂਡ ਦੀ ਜਿੱਤ ਵਿੱਚ ਕਪਤਾਨ ਕੇਨ ਵਿਲੀਅਮਸਨ (52) ਤੇ ਰੌਸ ਟੇਲਰ (47) ਦਾ ਅਹਿਮ ਯੋਗਦਾਨ ਰਿਹਾ। ਇਸ ਤੋਂ ਪਹਿਲਾਂ ਭਾਰਤ ਦੀ ਦੂਜੀ ਪਾਰੀ 170 ਦੌੜਾਂ ਉੱਤੇ ਸਿਮਟ ਗਈ ਸੀ। ਭਾਰਤੀ ਟੀਮ ਮੁਕਾਬਲਾ ਜਿੱਤਣ ਲਈ ਦੂਜੀ ਪਾਰੀ ਵਿੱਚ ਵੱਡਾ ਸਕੋਰ ਖੜ੍ਹਾ ਕਰਨਾ ਚਾਹੁੰਦੀ ਸੀ ਪਰ ਕੀਵੀ ਗੇਂਦਬਾਜ਼ ਟਿੰਮ ਸਾਊਦੀ ਨੇ ਚਾਰ, ਟ੍ਰੈਂਟ ਬੋਲਟ ਨੇ ਤਿੰਨ, ਕਾਇਲੀ ਜੈਮੀਸਨ ਨੇ ਦੋ ਅਤੇ ਨੀਲ ਵੈਗਨਰ ਨੇ ਇੱਕ ਵਿਕਟ ਲੈ ਕੇ ਭਾਰਤੀ ਟੀਮ ਨੂੰ 170 ਦੌੜਾਂ 'ਤੇ ਹੀ ਰੋਕ ਲਿਆ। ਨਿਊਜ਼ੀਲੈਂਡ ਨੂੰ ਪਹਿਲੀ ਪਾਰੀ ਵਿੱਚ ਬਣਾਈਆਂ 249 ਦੌੜਾਂ ਦੇ ਆਧਾਰ 'ਤੇ 32 ਦੌੜਾਂ ਦੀ ਲੀਡ ਮਿਲੀ ਸੀ, ਜੋ ਅੱਜ ਮੈਚ ਦੇ ਆਖ਼ਰੀ ਅਤੇ ਛੇਵੇਂ ਦਿਨ ਫ਼ੈਸਲਾਕੁੰਨ ਸਾਬਤ ਹੋਈ।**

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਵਿਦਿਆਰਥੀਆਂ ਨਾਲ ਧੱਕਾ ਕੀਤਾ ਤਾਂ ਸੂਬਾ ਜਾਮ ਕਰ ਦਿਆਂਗੇ: ਚੜੂਨੀ

## ਵਿਦਿਆਰਥੀ ਸੰਘਰਸ਼ ਦੇ ਹੱਕ 'ਚ ਡਟੇ ਕਿਸਾਨ-ਮਜ਼ਦੂਰ ਅਤੇ ਬੁੱਧੀਜੀਵੀ

**ਚੰਡੀਗੜ੍ਹ।** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪਿਛਲੇ ਕਈ ਦਿਨਾਂ ਤੋਂ ਮੰਗਾਂ ਅਤੇ ਸਮੱਸਿਆਵਾਂ ਦੇ ਹੱਲ ਲਈ ਸੰਘਰਸ਼ ਕਰਦੇ ਆ ਰਹੇ ਵਿਦਿਆਰਥੀਆਂ ਅਤੇ ਰਿਸਰਚ ਸਕਾਲਰਾਂ ਦੇ ਸੰਘਰਸ਼ ਨੂੰ ਅੱਜ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਕਿਸਾਨਾਂ, ਮਜ਼ਦੂਰਾਂ ਅਤੇ ਬੁੱਧੀਜੀਵੀਆਂ ਨੇ ਉਪ-ਕੁਲਪਤੀ ਦਫ਼ਤਰ ਦੇ ਨੇੜੇ ਰੋਸ ਰੈਲੀ ਵਿੱਚ ਸ਼ਿਰਕਤ ਕੀਤੀ। ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਰਾਸ਼ਟਰੀ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਵਿਦਿਆਰਥੀਆਂ ਦੇ ਸੰਘਰਸ਼ ਨੂੰ ਸਮਰਥਨ ਦਿੰਦਿਆਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਰਕਾਰਾਂ ਨੇ ਦੇਸ਼ ਦੇ ਹਾਲਾਤ ਕੁਝ ਅਜਿਹੇ ਕਰ ਦਿੱਤੇ ਹਨ ਕਿ ਹੁਣ ਲੜਾਈ ਕਿਸੇ ਇੱਕ ਵਰਗ ਦੀ ਨਹੀਂ ਸਗੋਂ ਆਮ ਲੋਕਾਂ ਦੀ ਲੜਾਈ ਦੇਸ਼ ਦੇ ਨੀਤੀ ਘਾੜਿਆਂ ਦੇ ਨਾਲ ਹੈ। ਹਰ ਵਰਗ ਲਈ ਲੰਮੇ ਅਤੇ ਅਨੁਸ਼ਾਸਤ ਸੰਘਰਸ਼ ਕਰਨੇ ਸਮੇਂ ਦੀ ਮੁੱਖ ਲੋੜ ਬਣ ਚੁੱਕਾ ਹੈ। ਉਨ੍ਹਾਂ ਚਾਰ ਦਿਨ ਪਹਿਲਾਂ ਪੀਯੂ ਕੈਂਪਸ ਵਿੱਚ ਉਪ ਕੁਲਪਤੀ ਦੀ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਅਤੇ ਰਿਸਰਚ ਸਕਾਲਰਾਂ ਉਤੇ ਪੁਲੀਸ ਵੱਲੋਂ ਕੀਤੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਕਿਹਾ ਕਿ ਮੰਗਾਂ ਦੇ ਲਈ ਜਮਹੂਰੀ ਢੰਗ ਨਾਲ ਸੰਘਰਸ਼ ਕਰਨਾ ਵਿਦਿਆਰਥੀਆਂ ਦਾ ਸੰਵਿਧਾਨਕ ਹੱਕ ਹੈ। ਸ੍ਰੀ ਚੜੂਨੀ ਨੇ ਆਪਣੇ ਸੰਬੋਧਨ ਰਾਹੀਂ ਪੀ.ਯੂ. ਅਥਾਰਿਟੀ ਨੂੰ ਤਾੜਨਾ ਕੀਤੀ ਕਿ ਵਿਦਿਆਰਥੀਆਂ ਦੇ ਵਫ਼ਦ ਨੂੰ ਬੁਲਾ ਕੇ ਉਨ੍ਹਾਂ ਦੀਆਂ ਮੰਗਾਂ ਤੇ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ। ਜੇਕਰ ਵਿਦਿਆਰਥੀਆਂ ਨਾਲ ਪੀ.ਯੂ. ਅਥਾਰਿਟੀ ਜਾਂ ਪੁਲੀਸ ਨੇ ਦੁਬਾਰਾ ਧੱਕਾ ਕੀਤਾ ਤਾਂ ਕਿਸੇ ਹੋਰ ਸੂਬੇ ਵਿੱਚ ਕੋਈ ਹਿੱਲਜੁਲ ਹੋਵੇ ਭਾਵੇਂ ਨਾ ਪ੍ਰੰਤੂ ਉਹ ਪੂਰਾ ਹਰਿਆਣਾ ਜਾਮ ਕਰ ਦੇਣਗੇ। ਰੋਸ ਰੈਲੀ ਵਿੱਚ ਮਜ਼ਦੂਰ ਅਧਿਕਾਰ ਸੰਗਠਨ ਤੋਂ ਸ਼ਿਵ ਕੁਮਾਰ, ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਪ੍ਰਧਾਨ ਸੁਰਜੀਤ ਸਿੰਘ ਫੂਲ, ਸਾਬਕਾ ਪ੍ਰੋਫ਼ੈਸਰ ਮਨਜੀਤ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਪੀ.ਯੂ.



ਦੇ ਸੈਨੇਟਰ ਸੰਦੀਪ ਸੀਕਰੀ, ਬਲਾਕ ਟੋਲ ਪਲਾਜ਼ਾ ਪਿੰਜੌਰ ਤੋਂ ਗੁਰਜੰਟ ਸਿੰਘ ਆਦਿ ਨੇ ਵੀ ਵਿਦਿਆਰਥੀਆਂ ਦੇ ਸੰਘਰਸ਼ ਨੂੰ ਸਮਰਥਨ ਦਿੱਤਾ ਅਤੇ ਪੀ.ਯੂ. ਅਥਾਰਿਟੀ ਦੇ ਵਿਦਿਆਰਥੀਆਂ ਪ੍ਰਤੀ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਉਨ੍ਹਾਂ ਦੀਆਂ ਮੰਗਾਂ ਦੇ ਤੁਰੰਤ ਹੱਲ ਦੀ ਮੰਗ ਕੀਤੀ।

**ਇਕਲਾਬੀ ਗੀਤ ਗਾਏ:** ਵਿਦਿਆਰਥਣ ਨਿੱਕੀ ਨੇ ਇਨਕਲਾਬੀ ਗੀਤ ਪੇਸ਼ ਕਰਕੇ ਰੋਸ ਰੈਲੀ ਵਿੱਚ ਸਰਕਾਰਾਂ ਅਤੇ ਪੀ.ਯੂ. ਅਥਾਰਿਟੀ ਪ੍ਰਤੀ ਵਿਦਿਆਰਥੀਆਂ ਦੇ ਰੋਸ ਦਾ ਇਜ਼ਹਾਰ ਕੀਤਾ।

# ਲੋਕ ਇਨਸਾਫ ਪਾਰਟੀ ਦੇ ਕਾਰਕੁਨਾਂ ਤੇ ਪੁਲੀਸ ਵਿਚਾਲੇ ਧੱਕਾ-ਮੁੱਕੀ

## ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਦਾ ਵਿਰੋਧ

**ਲੁਧਿਆਣਾ।** ਕੈਪਟਨ ਸਰਕਾਰ ਵੱਲੋਂ ਕਾਂਗਰਸੀ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀਆਂ ਦੇਣ ਦਾ ਮਾਮਲਾ ਭਖਦਾ ਜਾ ਰਿਹਾ ਹੈ। ਇਸੇ ਤਹਿਤ ਅੱਜ ਲੋਕ ਇਨਸਾਫ ਪਾਰਟੀ ਦੇ ਯੂਥ ਵਿੰਗ ਨੇ ਸਥਾਨਕ ਵਿਧਾਇਕ ਰਾਕੇਸ਼ ਪਾਂਡੇ ਦੇ ਪੁੱਤਰ ਨੂੰ ਨਾਇਬ ਤਹਿਸੀਲਦਾਰ ਨਿਯੁਕਤ ਕਰਨ ਵਿਰੁੱਧ ਰੋਸ ਜਤਾਇਆ। ਜਾਣਕਾਰੀ ਅਨੁਸਾਰ ਲੋਕ ਇਨਸਾਫ ਪਾਰਟੀ ਦੇ ਯੂਥ ਵਿੰਗ ਦੇ ਪ੍ਰਧਾਨ ਸਨੀ ਕੈਂਥ ਦੀ ਅਗਵਾਈ ਹੇਠ ਪਾਰਟੀ ਕਾਰਕੁਨ ਭਾਰਤ ਨਗਰ ਚੌਕ ਤੋਂ ਡੀਸੀ ਦਫ਼ਤਰ ਵੱਲ ਵਧੇ ਤਾਂ ਪੁਲੀਸ ਨੇ ਰੋਕਾਂ ਲਾ ਕੇ ਉਨ੍ਹਾਂ ਨੂੰ ਉੱਥੇ ਹੀ ਰੋਕ ਲਿਆ। ਇਸ ਦੌਰਾਨ ਪਾਰਟੀ ਕਾਰਕੁਨਾਂ ਅਤੇ ਪੁਲੀਸ ਵਿਚਾਲੇ ਕਾਫੀ ਧੱਕੀ-ਮੁੱਕੀ ਹੋਈ। ਮਾਮਲਾ ਜ਼ਿਆਦਾ ਵਧਦਾ ਦੇਖ ਕੇ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਸਨੀ ਕੈਂਥ ਨੇ ਦੱਸਿਆ ਕਿ ਵਿਧਾਇਕ ਕਰੋੜਪਤੀ ਹੋਣ ਦੇ ਬਾਵਜੂਦ ਸਰਕਾਰ ਵੱਲੋਂ ਉਨ੍ਹਾਂ ਦੇ ਪੁੱਤਰਾਂ ਨੂੰ ਹੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਵਿੱਚ ਅੰਦਰੂਨੀ ਕਾਟੋ ਕਲੇਸ਼ ਚੱਲ ਰਿਹਾ ਹੈ। ਇਸੇ ਕਰਕੇ ਕੈਪਟਨ ਵਿਧਾਇਕਾਂ ਨੂੰ ਆਪਣੇ ਵੱਲ ਕਰਨ ਲਈ ਉਨ੍ਹਾਂ ਦੇ ਪੁੱਤਰਾਂ ਨੂੰ ਨੌਕਰੀਆਂ ਵੰਡ ਰਹੇ ਹਨ। ਲਗਪਗ ਸਾਢੇ ਚਾਰ ਸਾਲ ਪਹਿਲਾਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੈਪਟਨ ਨੇ ਦਾਅਵਾ ਕੀਤਾ ਸੀ ਕਿ ਪੰਜਾਬ ਵਿੱਚ ਹਰ ਘਰ ਨੌਕਰੀ ਦਿੱਤੀ ਜਾਵੇਗੀ ਪਰ ਅਸਲੀਅਤ ਬਿਲਕੁਲ ਉਲਟ ਹੈ। ਸਿਰਫ਼ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਦੇ ਭਰਾ, ਵਿਧਾਇਕ ਫ਼ਤਹਿਜੰਗ ਬਾਜਵਾ ਤੇ ਵਿਧਾਇਕ ਰਾਕੇਸ਼ ਪਾਂਡੇ ਦੇ ਪੁੱਤਰਾਂ ਨੂੰ ਹੀ ਨੌਕਰੀ ਦਿੱਤੀ ਗਈ ਹੈ।

ਕੁਝ ਦਿਨ ਪਹਿਲਾਂ ਲੋਕ ਇਨਸਾਫ ਪਾਰਟੀ ਵੱਲੋਂ ਡੀਸੀ ਦਫ਼ਤਰ ਨੂੰ ਤਾਲਾ ਲਗਾਉਣ ਦਾ ਐਲਾਨ ਕੀਤਾ ਗਿਆ ਸੀ ਪਰ ਪੁਲੀਸ ਨੇ ਇਸ ਤੋਂ ਪਹਿਲਾਂ ਹੀ ਪਾਰਟੀ ਦੇ ਕਾਰਕੁਨਾਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਦੌਰਾਨ ਕੁੱਝ ਆਗੂਆਂ



ਨੇ ਧੱਕਾ-ਮੁੱਕੀ ਕਰਕੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਪਰ ਵੱਡੀ ਗਿਣਤੀ ਵਿੱਚ ਮੌਜੂਦ ਪੁਲੀਸ ਮੁਲਾਜ਼ਮ ਉਨ੍ਹਾਂ ਨੂੰ ਬੱਸਾਂ ਰਾਹੀਂ ਥਾਣਾ ਸਰਾਭਾ ਨਗਰ ਲੈ ਗਏ। ਕੁੱਝ ਸਮੇਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਮੌਕੇ 'ਤੇ ਮੌਜੂਦ ਏਸੀਪੀ ਜਤਿੰਦਰ ਚੋਪੜਾ ਨੇ ਦੱਸਿਆ ਕਿ ਪੁਲੀਸ ਵੱਲੋਂ ਪ੍ਰਦਰਸ਼ਨਕਾਰੀਆਂ ਵਿਰੁੱਧ ਕਰੋਨਾ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਕਾਰਵਾਈ ਕੀਤੀ ਜਾਵੇਗੀ।

# ਦਿਹਾਤੀ ਵਿਕਾਸ ਫੰਡ: ਮੁੜ ਕੇਂਦਰ ਦੇ ਬੂਹੇ ਪੁੱਜਾ ਪੰਜਾਬ

## ਖੁਰਾਕ ਤੇ ਸਪਲਾਈ ਮੰਤਰੀ ਵੱਲੋਂ ਕੇਂਦਰੀ ਮੰਤਰੀ ਪਿਊਸ਼ ਗੋਇਲ ਨਾਲ ਮੁਲਾਕਾਤ

**ਚੰਡੀਗੜ੍ਹ।** ਪੰਜਾਬ ਸਰਕਾਰ ਨੇ ਦਿਹਾਤੀ ਵਿਕਾਸ ਫੰਡ ਜਾਰੀ ਕਰਾਉਣ ਲਈ ਕੇਂਦਰ ਸਰਕਾਰ ਦਾ ਬੂਹਾ ਮੁੜ ਖੜਕਾਇਆ ਹੈ। ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਅੱਜ ਕੇਂਦਰੀ ਮੰਤਰੀ ਪਿਊਸ਼ ਗੋਇਲ ਨਾਲ ਦਿੱਲੀ ਵਿਚ ਮੀਟਿੰਗ ਕੀਤੀ ਅਤੇ ਰਾਜ ਦੇ ਦਿਹਾਤੀ ਵਿਕਾਸ ਫੰਡ ਨੂੰ ਜਲਦ ਰਿਲੀਜ਼ ਕਰਨ ਦੀ ਮੰਗ ਉਠਾਈ। ਪਤਾ ਲੱਗਾ ਹੈ ਕਿ ਕੇਂਦਰੀ ਮੰਤਰੀ ਨੇ ਪੁਰਾਣੇ ਫੰਡਾਂ ਦੀ ਵਰਤੋਂ ਆਦਿ ਬਾਰੇ ਕੁਝ ਨੁਕਤੇ ਉਠਾਏ ਸਨ ਜਿਨ੍ਹਾਂ ਬਾਰੇ ਪੰਜਾਬ ਸਰਕਾਰ ਪਹਿਲਾਂ ਹੀ ਸਪੱਸ਼ਟ ਕਰ ਚੁੱਕੀ ਹੈ। ਚੇਤੇ ਰਹੇ ਕਿ ਪੰਜਾਬ ਦਾ ਕੇਂਦਰ ਸਰਕਾਰ ਵੱਲ ਕਰੀਬ 1539 ਕਰੋੜ ਰੁਪਏ ਦਾ ਦਿਹਾਤੀ ਵਿਕਾਸ ਫੰਡ ਦਾ ਬਕਾਇਆ ਖੜ੍ਹਾ ਹੈ ਜਿਸ ਵਿਚ ਝੋਨੇ ਦੇ ਸੀਜ਼ਨ ਦੇ ਕਰੀਬ 755 ਕਰੋੜ ਰੁਪਏ ਅਤੇ ਕਣਕ ਦੇ ਸੀਜ਼ਨ ਦੇ 783 ਕਰੋੜ ਦੇ ਦਿਹਾਤੀ ਵਿਕਾਸ ਫੰਡ ਸ਼ਾਮਲ ਹਨ। ਝੋਨੇ ਦੇ ਸੀਜ਼ਨ ਮੌਕੇ 400 ਕਰੋੜ ਰੁਪਏ ਦਾ ਦਿਹਾਤੀ ਵਿਕਾਸ ਫੰਡ ਰਿਲੀਜ਼ ਕਰ ਦਿੱਤਾ ਸੀ ਜਦੋਂ ਕਿ ਬਾਕੀ ਤੋਂ ਟਾਲਮਟੋਲ ਕੀਤੀ ਜਾ ਰਹੀ ਹੈ। ਕੇਂਦਰੀ ਫੰਡਾਂ ਦੇ ਰੁਕਣ ਕਰਕੇ ਪੰਜਾਬ ਵਿਚ ਵਿਕਾਸ ਕਾਰਜ ਪ੍ਰਭਾਵਿਤ ਹੋਣ ਲੱਗੇ ਹਨ। ਖਾਸ ਕਰਕੇ ਮੰਡੀ ਬੋਰਡ ਪੰਜਾਬ ਦੇ ਕੰਮਾਂ ਨੂੰ ਬਰੇਕ ਲੱਗ ਗਈ ਹੈ। ਖੁਰਾਕ ਤੇ ਸਪਲਾਈ ਮੰਤਰੀ ਆਸ਼ੂ ਨੇ ਦੱਸਿਆ ਕਿ ਅੱਜ ਦਿਹਾਤੀ ਵਿਕਾਸ ਫੰਡ ਨੂੰ ਰਿਲੀਜ਼ ਕਰਾਉਣ ਲਈ ਕੇਂਦਰੀ ਮੰਤਰੀ ਪਿਊਸ਼ ਗੋਇਲ ਨਾਲ ਦਿੱਲੀ ਵਿਚ ਮੀਟਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਕੇਂਦਰੀ ਮੰਤਰੀ ਨੇ ਛੇਤੀ ਦਿਹਾਤੀ ਵਿਕਾਸ ਫੰਡ ਰਿਲੀਜ਼ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਹੁਣ ਅਫਸਰ ਪੱਧਰ ਦੀ ਮੀਟਿੰਗ ਹੋਣੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਵਰਤੇ ਗਏ ਦਿਹਾਤੀ ਵਿਕਾਸ ਫੰਡ ਦਾ ਹਿਸਾਬ ਕਿਤਾਬ ਮੰਗਿਆ ਗਿਆ ਸੀ, ਉਹ ਦੇ ਦਿੱਤਾ ਗਿਆ ਸੀ। ਮੁੱਖ ਮੰਤਰੀ ਕੈਪਟਨ





ਅਮਰਿੰਦਰ ਸਿੰਘ ਵੀ ਲੰਘੇ ਕੱਲ੍ਹ ਦੇ ਪੰਜਾਬ ਕਾਂਗਰਸ ਦੇ ਵਿਵਾਦ ਦੇ ਮੱਦੇਨਜ਼ਰ ਦਿੱਲੀ ਗਏ ਹੋਏ ਹਨ ਪ੍ਰੰਤੂ ਇਹ ਕਿਧਰੋਂ ਵੀ ਕਨਸੋਅ ਨਹੀਂ ਮਿਲੀ ਹੈ ਕਿ ਮੁੱਖ ਮੰਤਰੀ ਕਿ ਪੰਜਾਬ ਦੇ ਕਿਸੇ ਮੁੱਦੇ ਨੂੰ ਲੈ ਕੇ ਕੇਂਦਰੀ ਵਜ਼ੀਰਾਂ ਨੂੰ ਮਿਲੇ ਹੋਣ। ਉਂਜ ਅੱਜ ਮੁੱਖ ਮੰਤਰੀ ਦਿੱਲੀ ਵਿਚਲੇ ਕਾਂਗਰਸੀ ਆਗੂਆਂ ਨਾਲ ਮੁਲਾਕਾਤਾਂ ਕਰਦੇ ਰਹੇ ਹਨ। ਪਤਾ ਲੱਗਾ ਹੈ ਕਿ ਖੁਰਾਕ ਤੇ ਸਪਲਾਈ ਵਿਭਾਗ ਨੇ ਕੇਂਦਰ ਸਰਕਾਰ ਕੋਲ ਹੋਰ ਵੀ ਕਈ ਮੁੱਦੇ ਰੱਖੇ ਹਨ।

# 'ਆਪ' ਵਰਕਰਾਂ ਵੱਲੋਂ ਸਿੱਖਿਆ ਮੰਤਰੀ ਦੀ ਕੋਠੀ ਦਾ ਘਿਰਾਓ

**ਸੰਗਰਰ ।** ਇਥੇ ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੱਦੇ 'ਤੇ ਸਿੱਖਿਆ ਮੰਤਰੀ ਦੀ ਕੋਠੀ ਦਾ ਘਿਰਾਉ ਕਰਨ ਪੁੱਜੇ ਸੈਂਕੜੇ ਪਾਰਟੀ ਵਰਕਰਾਂ ਵੱਲੋਂ ਪੁਲੀਸ ਦੀ ਸਖ਼ਤ ਨਾਕੇਬੰਦੀ ਨੂੰ ਧੂਹਦਿਆਂ ਬੈਰੀਕੇਡ ਉਖਾੜ ਦਿੱਤੇ ਗਏ। ਉਨ੍ਹਾਂ ਵੱਲੋਂ ਕੋਠੀ ਨੇੜੇ ਪੁੱਜ ਕੇ ਰੋਸ ਧਰਨਾ ਦਿੱਤਾ ਗਿਆ ਅਤੇ ਰੁਜ਼ਗਾਰ ਲਈ ਸੰਘਰਸ਼ ਕਰ ਰਹੇ ਬੇਰੁਜ਼ਗਾਰ ਅਧਿਆਪਕਾਂ ਅਤੇ ਕੱਚੇ ਅਧਿਆਪਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਗਈ। ਧਰਨੇ ਦੀ ਅਗਵਾਈ 'ਆਪ' ਯੂਥ ਵਿੰਗ ਦੇ ਸੂਬਾ ਪ੍ਰਧਾਨ ਤੇ ਵਿਧਾਇਕ ਮੀਤ ਹੇਅਰ ਵਲੋਂ ਕੀਤੀ ਗਈ ਜਦੋਂ ਕਿ ਵਿਧਾਇਕਾ ਪ੍ਰੋ. ਬਲਜਿੰਦਰ ਕੌਰ, ਪ੍ਰਸਿੱਧ ਗਾਇਕ ਤੇ 'ਆਪ' ਆਗੂ ਬਲਕਾਰ ਸਿੰਘ, ਡਾ. ਬਲਵੀਰ ਸਿੰਘ, ਜ਼ਿਲ੍ਹਾ ਯੂਥ ਵਿੰਗ ਪ੍ਰਧਾਨ ਨਰਿੰਦਰ ਕੌਰ ਭਰਾਜ, ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਆਦਿ ਆਗੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਯੂਥ ਵਿੰਗ ਦੇ ਸੈਂਕੜੇ ਵਰਕਰ ਸਿੱਖਿਆ ਮੰਤਰੀ ਦੀ ਕੋਠੀ ਦੇ ਘਿਰਾਉ ਲਈ ਪਟਿਆਲਾ-ਧੂਰੀ ਬਾਈਪਾਸ ਸੜਕ 'ਤੇ ਇਕੱਠੇ ਹੋਏ। ਵੱਡੀ ਤਾਦਾਦ 'ਚ ਤਾਇਨਾਤ ਪੁਲੀਸ ਵੱਲੋਂ ਪ੍ਰਦਰਸ਼ਨਕਾਰੀ ਵਰਕਰਾਂ ਨੂੰ ਰੋਕਣ ਲਈ ਤਿੰਨ ਪੜਾਵਾਂ ਵਿੱਚ ਬੈਰੀਕੇਡ ਲਗਾ ਕੇ ਨਾਕੇਬੰਦੀ ਕੀਤੀ ਹੋਈ। ਮੀਤ ਹੇਅਰ ਦੀ ਅਗਵਾਈ ਹੇਠ ਕੋਠੀ ਵੱਲ ਵਧੇ ਸੈਂਕੜੇ ਵਰਕਰਾਂ ਨੇ ਪੁਲੀਸ ਦੇ ਦੋ ਨਾਕੇ ਉਖਾੜ ਸੁੱਟੇ। ਪ੍ਰਦਰਸ਼ਨਕਾਰੀ ਕੋਠੀ ਦੇ ਨਜ਼ਦੀਕ ਹੀ ਤੀਜੇ ਨਾਕੇ ਕੋਲ ਪੁੱਜੇ ਤੇ ਧਰਨਾ ਦਿੱਤਾ।



# ਲੋਕਾਂ ਨੇ ਰੇਤ ਮਾਫ਼ੀਆ ਨੂੰ ਮਾਈਨਿੰਗ ਕਰਨ ਤੋਂ ਰੋਕਿਆ

**ਪੱਟੀ/ ਭਿਖੀਵਿੰਡ।** ਇਲਾਕੇ ਦੇ ਪਿੰਡ ਕੋਟਬੁੱਢਾ ਨੇੜੇ ਦਰਿਆ 'ਤੇ ਬਣੇ ਪੁਲ ਦੇ ਨੇੜੇ ਡੀਸਿਲਟ ਨੀਤੀ ਤਹਿਤ ਫ਼ਰੈਡਜ਼ ਐਂਡ ਕੰਪਨੀ ਵੱਲੋਂ ਮਾਈਨਿੰਗ ਵਿਭਾਗ ਦੀ ਮਿਲੀ ਭੁਗਤ ਨਾਲ ਕੀਤੀ ਜਾ ਰਹੀ ਨਾਜਾਇਜ਼ ਰੇਤੇ ਦੀ ਮਾਈਨਿੰਗ ਨੂੰ ਅੱਜ ਇਲਾਕੇ ਦੇ ਲੋਕਾਂ ਤੇ ਪੱਟੀ ਤੋਂ 'ਆਪ' ਆਗੂ ਲਾਲਜੀਤ ਸਿੰਘ ਭੁੱਲਰ ਵੱਲੋਂ ਰੋਕ ਦਿੱਤਾ ਗਿਆ। ਜਦੋਂ ਕਿ ਪਿਛਲੇ ਦਿਨੀਂ ਐੱਸਡੀਐੱਮ ਪੱਟੀ ਵੱਲੋਂ ਇਸ ਮਾਈਨਿੰਗ ਨੂੰ ਨਾਜਾਇਜ਼ ਕਰਾਰ ਦਿੱਤਾ ਗਿਆ ਸੀ। ਉਧਰ ਮਾਈਨਿੰਗ ਤੇ ਪੁਲੀਸ ਵਿਭਾਗ ਰੇਤ ਮਾਫ਼ੀਏ ਖ਼ਿਲਾਫ਼ ਕਨੂੰਨੀ ਕਾਰਵਾਈ ਕਰਨ ਦੀ ਥਾਂ ਚੁੱਪ ਸਨ। ਰੇਤ ਮਾਫ਼ੀਏ ਨੂੰ ਦਰਿਆ ਅੰਦਰੋਂ ਮਾਈਨਿੰਗ ਕਰਨ ਤੋਂ ਰੋਕਣ ਗਏ ਇਲਾਕੇ ਦੇ ਕਿਸਾਨਾਂ ਨੇ ਦੱਸਿਆ ਕਿ ਮਾਈਨਿੰਗ ਵਿਭਾਗ ਵੱਲੋਂ ਡੀਸਿਲਟ ਨੀਤੀ ਤਹਿਤ ਅਲਾਟਮੈਂਟ ਕੀਤੀ ਜ਼ਮੀਨ ਦੀ ਨਿਸ਼ਾਨਦੇਹੀ ਨਹੀਂ ਕੀਤੀ ਗਈ ਸਗੋਂ ਪਿਛਲੇ 15-20 ਦਿਨਾਂ ਤੋਂ ਇੱਕ ਜ਼ਮੀਨ ਮਾਲਕ ਦੀ ਮਿਲੀ ਭੁਗਤ ਨਾਲ ਜ਼ਮੀਨ ਅੰਦਰੋਂ ਪੁਲ ਤੋਂ ਕਰੀਬ ਛੇ-ਸੱਤ ਸੌ ਮੀਟਰ ਦੂਰੀ 'ਤੇ ਰੇਤੇ ਦੀ ਮਾਈਨਿੰਗ ਕੀਤੀ ਜਾ ਰਹੀ ਹੈ। ਇਸ ਦੌਰਾਨ ਪੁਲ ਦੇ ਨੇੜੇ ਪੈਂਦੀ ਜ਼ਮੀਨ ਦੇ ਮਾਲਕ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦੀ ਜ਼ਮੀਨ ਅੰਦਰ ਰੇਤ ਮਾਫ਼ੀਏ ਵੱਲੋਂ ਲਗਾਏ ਗਏ ਨਾਜਾਇਜ਼ ਕੰਡੇ ਨੂੰ ਜਦੋਂ ਉਸ ਨੇ ਰੋਕਿਆ ਤਾਂ ਰੇਤ ਮਾਫ਼ੀਆ ਵੱਲੋਂ ਅੰਮ੍ਰਿਤਸਰ ਸ਼ਹਿਰ ਨਾਲ ਸਬੰਧਤ ਵਿਧਾਇਕ ਦੇ ਨਾਮ 'ਤੇ ਉਸ ਨੂੰ ਧਮਕੀਆਂ ਦਿੱਤੀਆਂ ਗਈਆਂ। ਇਸ ਮੌਕੇ 'ਆਪ' ਆਗੂ ਲਾਲਜੀਤ ਭੁੱਲਰ ਨੇ ਕਿਹਾ ਕਿ ਕਾਂਗਰਸੀ ਵਿਧਾਇਕਾਂ ਵੱਲੋਂ ਦਰਿਆਂ ਕਿਨਾਰੇ ਰੇਤੇ ਦੀ ਨਾਜ-ਾਇਜ਼ ਮਾਈਨਿੰਗ ਕਰਕੇ ਸਰਕਾਰੀ ਖਜ਼ਾਨੇ ਤੇ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਹੈ। ਕਿਸਾਨਾਂ ਨੇ ਕਿਹਾ ਕਿ ਸਬੰਧਤ ਮਾਈਨਿੰਗ ਅਫ਼ਸਰਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਰੇਤ ਮਾਫ਼ੀਏ ਤੇ ਪੁਲ ਦੇ ਨੇੜੇ ਮਾਈਨਿੰਗ ਕਰਵਾਉਣ ਲਈ ਜ਼ਮੀਨ ਦੇਣ ਵਾਲੇ ਨਿੱਜੀ ਮਾਲਕ ਖ਼ਿਲਾਫ਼ ਪਰਚਾ ਦਰਜ ਕਰਕੇ ਰੇਤ ਮਾਈਨਿੰਗ



ਕਰਨ ਵਾਲੀ ਮਿਸ਼ਨਰੀ ਨੂੰ ਜ਼ਬਤ ਕੀਤਾ ਜਾਵੇ। ਇਸ ਦੌਰਾਨ ਮੌਕੇ 'ਤੇ ਪਹੁੰਚੇ ਥਾਣਾ ਸਦਰ ਪੱਟੀ ਦੇ ਅਧਿਕਾਰੀ ਜਸਵਿੰਦਰ ਸਿੰਘ ਨੇ ਕਿਹਾ ਕਿ ਮਾਈਨਿੰਗ ਵਿਭਾਗ ਤੇ ਹਲਕਾ ਪਟਵਾਰੀ ਵੱਲੋਂ ਜੇ ਇਹ ਮਾਈਨਿੰਗ ਨਾਜਾਇਜ਼ ਦਰਸਾਈ ਗਈ ਤਾਂ ਨਾਜਾਇਜ਼ ਮਾਈਨਿੰਗ ਦੇ ਦੋਸ਼ ਹੇਠ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਤੇ ਫ਼ਿਲਹਾਲ ਪੁਲੀਸ ਵੱਲੋਂ ਸਥਾਨਕ ਲੋਕਾਂ ਦੇ ਰੋਹ ਤੇ ਦਬਾਅ ਹੇਠ ਪੁਲ ਦੇ ਨੇੜੇ ਹੁੰਦੀ ਮਾਈਨਿੰਗ ਨੂੰ ਰੋਕ ਦਿੱਤਾ ਗਿਆ ਹੈ।

# ਹਾਰਦਿਕ ਪਟੇਲ ਵੱਲੋਂ ਸ਼ਹੀਦ ਭਗਤ ਸਿੰਘ ਦੇ ਘਰ ਦਾ ਦੌਰਾ

**ਬੰਗਾ।** ਨੌਜਵਾਨ ਆਗੂ ਅਤੇ ਗੁਜਰਾਤ ਪ੍ਰਦੇਸ਼ ਕਾਂਗਰਸ ਕਮੇਟੀ ਦੇ ਵਰਕਿੰਗ ਪ੍ਰਧਾਨ ਹਾਰਦਿਕ ਪਟੇਲ ਨੇ ਅੱਜ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਉਨ੍ਹਾਂ ਦੀ ਯਾਦਗਾਰ 'ਤੇ ਸ਼ਰਧਾ ਫੁੱਲ ਅਰਪਿਤ ਕੀਤੇ ਅਤੇ ਉਨ੍ਹਾਂ ਦੇ ਜੱਦੀ ਘਰ ਦਾ ਦੌਰਾ ਵੀ ਕੀਤਾ। ਸ਼ਹੀਦ-ਏ-ਆਜ਼ਮ ਦੇ ਪਿਤਾ ਸ. ਕਿਸ਼ਨ ਸਿੰਘ ਦੇ ਸਮਾਰਕ ਅਤੇ ਸ਼ਹੀਦ-ਏ-ਆਜ਼ਮ ਦੀ ਪ੍ਰਤਿਮਾ ਅੱਗੇ ਸ਼ਰਧਾ ਸੁਮਨ ਅਰਪਿਤ ਕਰਨ ਤੋਂ ਬਾਅਦ ਉਨ੍ਹਾਂ ਆਖਿਆ ਕਿ ਉਹ ਬਹੁਤ ਖੁਸ਼ਨਸੀਬ ਹਨ, ਜਿਨ੍ਹਾਂ ਨੂੰ ਵੀਰਾਂ ਦੀ ਇਸ ਪਵਿੱਤਰ ਧਰਤੀ ਨੂੰ ਸਿਜਦਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਜਿਹਾ ਨਾਂਅ ਹੈ, ਜਿਸ ਨੇ ਨੌਜਵਾਨਾਂ ਵਿੱਚ ਕ੍ਰਾਂਤੀ ਲਿਆ ਕੇ ਦੇਸ਼ ਦੀ ਆਜ਼ਾਦੀ ਦਾ ਰਾਹ ਪੱਧਰਾ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕੁਰਬਾਨੀ ਸਾਡੇ ਲਈ ਪ੍ਰੇਰਨਾ ਸਰੋਤ ਹੈ ਅਤੇ ਉਹ ਅੱਜ ਵੀ ਨੌਜਵਾਨਾਂ ਦੇ ਆਦਰਸ਼ ਹਨ। ਉਨ੍ਹਾਂ ਕਿਹਾ ਕਿ ਗੁਜਰਾਤ ਵਿੱਚ ਆਪਣੇ ਜੇਲ੍ਹ ਦੇ ਦਿਨਾਂ ਦੌਰਾਨ ਉਨ੍ਹਾਂ ਨੂੰ ਸ਼ਹੀਦ ਭਗਤ ਸਿੰਘ ਨੂੰ ਪੜ੍ਹਨ ਦਾ ਕਾਫੀ ਮੌਕਾ ਮਿਲਿਆ ਪ੍ਰੰਤੂ ਅੱਜ ਇੱਥੇ ਪਹੁੰਚ ਕੇ ਇਕ ਅਲੱਗ ਹੀ ਅਨੁਭਵ ਹੋਇਆ, ਕਿਉਂਕਿ ਪੜ੍ਹਨ ਅਤੇ ਜਾ ਕੇ ਦੇਖਣ ਵਿੱਚ ਬਹੁਤ ਵੱਡਾ ਫਰਕ ਹੁੰਦਾ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਵਿਚਲੀਆਂ ਇਤਿਹਾਸਕ ਅਤੇ ਵਿਰਾਸਤੀ ਥਾਵਾਂ ਦਾ ਦੌਰਾ ਕਰਨਗੇ। ਉਨ੍ਹਾਂ ਕਿਹਾ ਕਿ ਸੌ ਫੀਸਦੀ ਟੀਕਾਕਰਨ ਕਰਵਾਉਣ ਵਾਲੇ ਪਿੰਡਾਂ ਨੂੰ ਵਿਸ਼ੇਸ਼ ਗ੍ਰਾਂਟ ਦੇਣ ਦਾ ਫ਼ੈਸਲਾ ਸ਼ਲਾਘਾਯੋਗ ਹੈ। ਉਨ੍ਹਾਂ ਨਾਲ ਵਿਧਾਇਕ ਅੰਗਦ ਸਿੰਘ ਵੀ ਮੌਜੂਦ ਸਨ।



# ਖੱਬੇ ਪੱਖੀਆਂ ਵੱਲੋਂ ਮਹਿੰਗਾਈ ਖ਼ਿਲਾਫ਼ ਮੁਜ਼ਾਹਰੇ



**ਤਰਨ ਤਾਰਨ।** ਸੀਪੀਆਈ ਅਤੇ ਆਰਐੱਮਪੀਆਈ ਵੱਲੋਂ ਅੱਜ ਜ਼ਿਲ੍ਹੇ ਦੇ ਕਸਬਾ ਹਰੀਕੇ ਵਿੱਚ ਮਹਿੰਗਾਈ ਖਿਲਾਫ਼ ਰੋਹ ਭਰਪੂਰ ਵਿਖਾਵਾ ਕੀਤਾ ਅਤੇ ਕੇਂਦਰ ਸਰਕਾਰ ਦੀ ਅਰਥੀ ਸਾੜੀ. ਇਸ ਮੌਕੇ ਸੀਪੀਆਈ ਦੇ ਸੂਬਾ ਆਗੂ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਦੀਆਂ ਨੀਤੀਆਂ ਦੇ ਚਲਦਿਆਂ ਹੀ ਅੱਜ ਪੈਟਰੋਲੀਅਮ ਪਦਾਰਥਾਂ ਸਮੇਤ ਨਿੱਤ ਵਰਤੋਂ ਦੀਆਂ ਵਸਤਾਂ ਦੀਆਂ ਕੀਮਤਾਂ ਅਸਮਾਨ ਛੋਹ ਰਹੀਆਂ ਹਨ. ਉਨ੍ਹਾਂ ਕਿਹਾ ਕਿ ਇਸ ਨਾਲ ਗਰੀਬ ਵਰਗਾਂ ਦੇ ਲੋਕਾਂ ਲਈ ਘਰਾਂ ਦੇ ਖਰਚ ਚਲਾਉਣੇ ਕਠਿਨ ਬਣ ਗਏ ਹਨ. ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਜਮ੍ਹਾਂਖੋਰਾਂ ਖਿਲਾਫ਼ ਸਰਕਾਰ ਦਾ ਵਤੀਰਾ ਸਾਂਝ-ਭਿਆਲੀ ਵਾਲਾ ਹੋਣ ਕਰਕੇ ਹੀ ਖਾਣ ਵਾਲਾ ਸਰ੍ਹੋਂ ਦਾ ਤੇਲ 200 ਰੁਪਏ ਪ੍ਰਤੀ ਕਿੱਲੋ ਨੂੰ ਪਾਰ ਕਰ ਗਿਆ ਹੈ ਅਤੇ ਇਹੀ ਹਾਲਤ ਹੋਰਨਾਂ ਵਸਤਾਂ ਦੀਆਂ ਕੀਮਤਾਂ ਦੀ ਹੈ।

ਖੱਬੀਆਂ ਪਾਰਟੀਆਂ ਦੇ ਸੱਦੇ 'ਤੇ ਪੰਦਰਵਾੜਾ ਰੋਸ ਮਨਾਉਂਦੇ ਹੋਏ ਸੀਪੀਆਈ ਬਲਾਕ ਚੋਹਲਾ ਸਾਹਿਬ ਵੱਲੋਂ ਮਹਿੰਗਾਈ ਤੇ ਬੇਰੁਜ਼ਗਾਰੀ ਖ਼ਿਲਾਫ਼ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਸੀਪੀਆਈ ਬਲਾਕ ਚੋਹਲਾ ਸਾਹਿਬ ਦੇ ਸਕੱਤਰ ਬਲਵਿੰਦਰ ਸਿੰਘ ਦਦੇਹਰ ਸਾਹਿਬ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾਈ ਆਗੂ ਲਵਪ੍ਰੀਤ ਸਿੰਘ ਮਾੜੀਮੇਘਾ ਤੇ ਤਰਕਸ਼ੀਲ ਸੁਸਾਇਟੀ ਦੇ ਆਗੂ ਬਲਬੀਰ ਸਿੰਘ ਪਰਵਾਨਾ ਨੇ ਕਿਹਾ ਕਿ ਅੱਜ ਦੇਸ਼ ਵਿੱਚ ਮਹਿੰਗਾਈ ਤੇ ਬੇਰੁਜ਼ਗਾਰੀ ਦੀ ਸਮੱਸਿਆ ਨੇ ਲੋਕਾਂ ਦੀ ਕਮਰ ਤੋੜੀ ਪਈ ਹੈ।

# ਦਾਰਾਪੁਰ ਵਿੱਚ ਦੋ ਧੜਿਆਂ 'ਚ ਚੱਲੀਆਂ ਇੱਟਾਂ

**ਕਾਹਨੂੰਵਾਨ।** ਪੁਲੀਸ ਥਾਣਾ ਭੈਣੀ ਮੀਆਂ ਖਾਂ ਅਧੀਨ ਪੈਂਦੇ ਪਿੰਡ ਦਾਰਾਪੁਰ ਵਿਚ ਈਸਾਈ ਭਾਈਚਾਰੇ ਦੇ ਦੋ ਧੜਿਆਂ ਵਿਚ ਚੱਲ ਰਹੀ ਲੜਾਈ ਉਸ ਵੇਲੇ ਗੰਭੀਰ ਰੂਪ ਅਖਤਿਆਰ ਕਰ ਗਈ ਜਦੋਂ ਮੌਕਾ ਵੇਖਣ ਪੁੱਜੀ ਪੁਲੀਸ ਉੱਤੇ ਵੀ ਕੁਝ ਸ਼ਰਾਰਤੀ ਲੋਕਾਂ ਨੇ ਇੱਟਾਂ ਅਤੇ ਰੋੜਿਆਂ ਨਾਲ ਹਮਲਾ ਕਰ ਦਿੱਤਾ। ਦੂਜੇ ਪਾਸੇ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਮੌਕੇ 'ਤੇ ਪੁੱਜੀ ਪੁਲੀਸ ਨੇ ਇਕ ਧਿਰ ਨਾਲ ਬਹੁਤ ਜ਼ਿਆਦਾ ਵਧੀਕੀ ਕੀਤੀ। ਦੂਜੇ ਪਾਸੇ ਜਦੋਂ ਮੀਡੀਆ ਵੱਲੋਂ ਮੌਕੇ 'ਤੇ ਵੇਖਿਆ ਗਿਆ ਤਾਂ ਪਿੰਡ ਦੇ ਦੋ ਧੜੇ ਪੁਲੀਸ ਦੀ ਹਾਜ਼ਰੀ ਵਿੱਚ ਵੀ ਆਪਸ ਵਿੱਚ ਜਿੱਥੇ ਗਾਲ੍ਹੀ ਗਲੋਚ ਕਰ ਰਹੇ ਸਨ ਉਥੇ ਘਰਾਂ ਦੀਆਂ ਛੱਤਾਂ ਉਤੇ ਇਕ ਦੂਜੇ ਉਪਰ ਪੱਥਰਬਾਜ਼ੀ ਅਤੇ ਰੋੜੇ ਵੀ ਵਰ੍ਹਾ ਰਹੇ ਸਨ। ਇਸ ਮੌਕੇ ਲੋਕਾਂ ਵੱਲੋਂ ਇੱਕ ਦੂਜੇ 'ਤੇ ਦੂਸ਼ਣਬਾਜ਼ੀ ਵੀ ਕੀਤੀ ਜਾ ਰਹੀ ਸੀ। ਇਸ ਸਬੰਧੀ ਵੱਖ-ਵੱਖ ਧੜਿਆਂ ਦੇ ਵਿਲਸਨ ਮਸੀਹ, ਆਸ਼ਾ, ਰਾਜੀਵ ਕੁਮਾਰ ਅਤੇ ਯੂਨਸ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿਚ ਸਰਕਾਰ ਵੱਲੋਂ ਮਿਲਣ ਵਾਲੇ ਪਲਾਟਾਂ ਨੂੰ ਲੈ ਕੇ ਰੰਜਿਸ਼ਬਾਜ਼ੀ ਵਧ ਗਈ। ਇਸ ਮੌਕੇ ਲੋਕਾਂ ਨੇ ਹਲਕਾ ਵਿਧਾਇਕ ਫਤਿਹਜੰਗ ਸਿੰਘ ਬਾਜਵਾ ਅਤੇ ਕਾਂਗਰਸ ਪਾਰਟੀ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਇਸ ਸਬੰਧੀ ਜਦੋਂ ਥਾਣਾ ਭੈਣੀ ਮੀਆਂ ਖਾਂ ਦੇ ਮੁਖੀ ਇੰਸਪੈਕਟਰ ਸੁਰੇਸ਼ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਪੁਲੀਸ ਮੌਕੇ 'ਤੇ ਪਹੁੰਚੀ ਤਾਂ ਕੁਝ ਸ਼ਰਾਰਤੀ ਲੋਕਾਂ ਨੇ ਪੁਲੀਸ ਪਾਰਟੀ ਨਾਲ ਵੀ ਬਦਸਲੂਕੀ ਕੀਤੀ ਅਤੇ ਪੁਲੀਸ ਮੁਲਾਜ਼ਮ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ। ਇਸ ਸਾਰੀ ਵਾਰਦਾਤ ਦੇ ਖ਼ਿਲਾਫ਼ ਪੁਲੀਸ ਸਖ਼ਤ ਕਾਨੂੰਨੀ ਕਾਰਵਾਈ ਕਰੇਗੀ।



# ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਅਤਿਨਿੰਦਨ ਯੋਗ ਹੈ-ਸੰਦੀਪ ਸਿੱਧੂ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਜ਼ਿਲ੍ਹਾ ਫਿਰੋਜ਼ਪੁਰ ਵਿਚ ਹੰਗਾਮੀ ਮੀਟਿੰਗ ਪੰਜਾਬ ਦੇ ਕਨਵੀਨਰ ਸੰਦੀਪ ਸਿੰਘ ਸਿਧੂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ। ਕੋਰੀਓਗ੍ਰਾਫਰ ਯੂਨੀਅਨ ਦੇ ਆਗੂਆਂ ਨੇ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਨੂੰ ਮੁੱਢੋਂ ਰੱਦ ਕੀਤਾ ਅਤੇ ਹੋਰਾਂ ਲੜਾਈਆਂ ਨੂੰ ਵੇਖਦਿਆਂ ਐਲਾਨ ਕਰਦਿਆਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਪਿਛਲੀ ਬਾਦਲ ਸਰਕਾਰ ਵੱਲੋਂ 1 ਅਕਤੂਬਰ 2011 ਅਤੇ 1 ਦਸੰਬਰ 2011 ਦੇ ਸੌਂਪੇ ਗਏ ਪੇ ਬੈਂਡ ਅਤੇ ਗਰੇਡ ਪੇ ਸਬੰਧੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਪੇ ਫਿਰਸੇਸ਼ਲ ਦੇ ਨਵੇਂ ਫਾਰਮੂਲੇ 2.59 ਅਤੇ 2.25 ਵਿੱਚ ਉਲਝਾ ਕੇ ਰੱਖ ਦਿੱਤਾ ਜੋ ਕਿ ਮੁਲਾਜ਼ਮਾਂ ਨੂੰ ਵਧਾਓ ਘਟਾਓ ਦੇ ਚੱਕਰਾਂ ਵਿਚ ਪੈ ਕੇ ਰਹਿਣਾ ਪਿਆ। ਸੰਦੀਪ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਰਿਪੋਰਟ ਲਾਗੂ ਕਰਦਿਆਂ ਕਈ ਥਾਵਾਂ ਤੇ ਚੋਰੀ-ਛੁਪੇ ਬੇਈਮਾਨੀ ਕੀਤੀ ਹੈ । ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕੁਝ ਲਾਭ ਹੋਣ ਦੀ ਬਜਾਏ ਜੇਬਾਂ ਵਿਚੋਂ ਕੱਢਿਆ ਗਿਆ ਹੈ। ਪੰਜਾਬ ਸਰਕਾਰ ਨੇ ਭਾਵੇਂ ਇਹ ਰਿਪੋਰਟ 1 ਜਨਵਰੀ 2016 ਤੋਂ ਲਾਗੂ ਕਰਨ ਦਾ ਐਲਾਨ ਕੀਤਾ ਸੀ ਪਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ 1 ਜਨਵਰੀ 2016 ਤੋਂ ਲੈ ਕੇ 31 ਦਸੰਬਰ 2016 ਤੋਂ ਬਾਅਦ ਬਣਦਾ ਬਕਾਇਆ ਸਾਲ 2022 ਵਿਚ ਨਵੀਂ ਬਣਨ ਵਾਲੀ ਸਰਕਾਰ ਦੇ ਪੱਲੇ ਪਾ ਦਿੱਤਾ ਹੈ ਜੋ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਬਹੁਤ ਵੱਡੀ ਨਾਇਨਸਾਫੀ ਹੋਈ ਹੈ। ਇਸ ਪੇ ਕਮਿਸ਼ਨ ਵਿੱਚ ਕੋਰਿਓਗ੍ਰਾਫਰ ਨਾਲ ਬਹੁਤ ਧੱਕਾ ਹੋਇਆ ਹੈ। ਜੋ ਕਿ -19 ਦੇ ਚਲਦਿਆਂ ਕੋਰੀਓਗ੍ਰਾਫਰਾਂ ਨੇ ਸਭ ਤੋਂ ਅੱਗੇ ਲੱਗ ਕੇ ਕੰਮ ਕੀਤਾ। ਕੋਰੀਓਗ੍ਰਾਫਰ ਕੋਲ ਮਰੀਜ਼ ਆਉਂਦੇ ਸੀ ਤੇ ਡਾਕਟਰ ਉਨ੍ਹਾਂ ਨੂੰ 5 ਫੁੱਟ ਦੀ ਦੂਰੀ ਤੋਂ ਚੈੱਕ ਕਰਦਾ ਸੀ । ਅਤੇ ਸਾਡੇ ਕੋਰਿਓਗ੍ਰਾਫਰ ਮਰੀਜ਼ਾਂ ਨੂੰ ਹੱਥ ਲਗਾ ਕੇ ਐਕਸਰੇ ਪੁਜੀਸ਼ਨ ਬਣਾ ਕੇ ਮਰੀਜਾਂ ਦੇ ਐਕਸਰੇ ਕਰਦੇ ਸੀ। ਸਰਕਾਰ ਨੇ ਕੋਰਿਓਗ੍ਰਾਫਰ ਨੂੰ ਕਰੋਨਾ ਮਹਾਂਮਾਰੀ ਸਮੇਂ ਉਨ੍ਹਾਂ ਨੂੰ ਨਵੀਂ ਇਕਰੀਮੈਂਟ ਦੇਣ ਦੀ ਬਜਾਏ ਪੇ ਕਮਿਸ਼ਨ ਵਿੱਚ ਕੋਰੀਓਗ੍ਰਾਫਰ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ। ਅਤੇ ਉਨ੍ਹਾਂ ਦੇ ਸਾਰੇ ਬਣਦੇ ਹੱਕ ਉਨ੍ਹਾਂ ਤੋਂ ਖੋਹ ਲੇ ਗਏ। ਜੋ ਕਿ ਸਭ ਤੋਂ ਜ਼ਿਆਦਾ ਨੁਕਸਾਨ ਨੂੰ ਕੋਰੀਓਗ੍ਰਾਫਰਾਂ ਨੂੰ ਹੋਇਆ ਹੈ। ਜੋ ਕਿ ਹਰ ਤਰ੍ਹਾਂ ਦੇ ਮਰੀਜ਼ ਜਿਵੇਂ ਕਿ ਟੀ ਬੀ, ਏਡਜ਼, ਜਾਂ ਫਿਰ ਕਾਲਾ ਪੀਲੀਆ ਆਦਿ ਦੇ ਐਕਸ-ਰੇ ਕਰਦੇ ਹਨ। ਹੁਣ ਸਾਡੇ ਕੋਰੀਓਗ੍ਰਾਫਰ ਜਿਵੇਂ ਕਿ ਭਿਆਨਕ ਬਿਮਾਰੀਆਂ ਦਾ ਸੀ ਟੀ ਸਕੈਨ ਅਤੇ ਐਮ ਆਰ ਆਈ ਕਰਦੇ ਹਨ ਅਤੇ ਆਪ ਵੀ ਰੇਡੀਏਸ਼ਨ ਅਤੇ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਪਰ ਸਰਕਾਰ ਨੂੰ ਉਨ੍ਹਾਂ ਦਾ ਹੱਕ ਦੇਣ ਦੀ ਬਜਾਏ ਖੋਹ ਲਿਆ ਗਿਆ। ਪਰ ਹੁਣ ਰੇਡੀਓ ਗਰਾਫਰ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਇਸ ਵਾਰ ਰੇਡੀਓ ਗਰਾਫਰ ਚੁੱਪ ਨਹੀਂ ਬੈਠਣਗੇ ਅਤੇ ਉਨ੍ਹਾਂ ਨੂੰ ਉਨ੍ਹਾਂ ਦਾ ਇਨਸਾਫ ਦਿਵਾਉਣਗੇ। ਅਤੇ ਆਰ ਪਾਰ ਦੀ ਲੜਾਈ ਲੜਨਗੇ ਅਤੇ ਜਲਦ ਹੀ ਜ਼ਿਲ੍ਹਾ ਵਾਈਸ ਮੀਟਿੰਗਾਂ ਕਰਨ ਤੋਂ ਬਾਅਦ ਸੰਘਰਸ਼ ਦਾ ਐਲਾਨ ਕਰਨਗੇ। ਇਸ ਮੀਟਿੰਗ ਵਿਚ ਵਿਕਰਮਜੀਤ, ਸੁਤੰਤਰ ਸਿੰਘ,ਹਰਪ੍ਰੀਤ ਕੌਰ,ਹੀਰਾ ਸਿੰਘ, ਵਿਜੇ ਕੁਮਾਰ,ਬਖਸ਼ੀਸ਼ ਸਿੰਘ,ਬੱਬਲਜੀਤ ਕੌਰ, ਪਵਿੱਤਰ ਸਿੰਘ,ਹਰਪ੍ਰੀਤ ਕੌਰ ਫਿਰੋਜ਼ਸ਼ਾਹ ਆਦਿ ਹਾਜ਼ਰ ਸਨ।



# ਕਿਰਤੀ ਕਿਸਾਨ ਯੂਨੀਅਨ ਅਤੇ ਦੁਆਬਾ ਕਿਸਾਨ ਸੰਘਰਸ਼ ਕਮੇਟੀ ਦਾ ਜਨਤਕ ਵਫ਼ਦ ਐਕਸੀਅਨ ਨੂੰ ਮਿਲਿਆ

**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ)** ਘਟੀਆ ਬਿਜਲੀ ਸਪਲਾਈ ਦੇ ਪ੍ਰਬੰਧਾਂ ਵਿਰੁੱਧ ਭੜਕੇ ਕਿਸਾਨਾਂ ਦੇ ਜਨਤਕ ਵਫ਼ਦ ਨੇ ਕਿਰਤੀ ਕਿਸਾਨ ਯੂਨੀਅਨ ਅਤੇ ਦੁਆਬਾ ਕਿਸਾਨ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਪਾਵਰਕਾਮ ਡਵੀਜ਼ਨ ਕਰਤਾਰਪੁਰ ਵਿਨੈ ਸ਼ਰਮਾ ਨੂੰ ਮਿਲ ਕੇ ਮੰਗ ਕੀਤੀ ਕਿ ਖੇਤੀ ਮੋਟਰਾਂ ਨੂੰ 10 ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇ ਅਤੇ ਲਗਾਏ ਜਾ ਰਹੇ ਕੱਟ ਬੰਦ ਕੀਤੇ ਜਾਣ। ਐਕਸੀਅਨ ਵਲੋਂ ਜਥੇਬੰਦੀਆਂ ਨੂੰ ਹਾਂ ਪੱਖੀ ਭਰੋਸਾ ਦਿੱਤਾ। ਦੋਨੋਂ ਜਥੇਬੰਦੀਆਂ ਨੇ ਮੰਗਾਂ ਉੱਤੇ ਅਮਲ ਨਾ ਹੋਣ ਦੀ ਸੂਰਤ ਵਿੱਚ ਸੰਘਰਸ਼ ਦੀ ਚੇਤਾਵਨੀ ਦਿੱਤੀ ਹੈ।

ਕਿਰਤੀ ਕਿਸਾਨ ਯੂਨੀਅਨ ਦੇ ਆਗੂ ਜਗਰੂਪ ਸਿੰਘ ਨੇ ਦੱਸਿਆ ਕਿ ਖੇਤੀ ਮੋਟਰਾਂ ਨੂੰ ਝੋਨੇ ਸੀਜ਼ਨ ਦੌਰਾਨ ਸਰਕਾਰ ਦੇ 10 ਘੰਟੇ ਬਿਜਲੀ ਸਪਲਾਈ ਦੇਣ ਦੇ ਵਾਅਦੇ ਦਾਅਵੇ ਹਵਾਈ ਗੋਲੇ ਸਾਬਤ ਹੋ ਰਹੇ ਹਨ।ਪਾਵਰਕਾਮ ਅਧਿਕਾਰੀ ਤੇ ਸਰਕਾਰ ਕੁੰਭਕਰਨ ਦੀ ਨੀਂਦ ਸੁੱਤੇ ਹੋਏ ਹਨ। ਉਨ੍ਹਾਂ ਕਿਹਾ ਕਿ ਬਿਧੀਪੁਰ, ਲਿੱਧੜਾਂ ਅਤੇ ਅੰਬੀਆਂ ਤੋਹਫ਼ਾ-ਚੀਮਾਂ ਫੀਡਰਾਂ ਨਾਲ ਸਬੰਧਤ ਦਰਜਨ ਦੇ ਕਰੀਬ ਪਿੰਡਾਂ ਵਿੱਚ ਖੇਤੀ ਮੋਟਰਾਂ ਦੀ ਬਿਜਲੀ ਸਪਲਾਈ ਦੇ ਭਾਰੀ ਕੱਟਣ ਲੱਗਣ ਅਤੇ ਦਿਨ ਚ ਸਿਰਫ਼ ਚਾਰ ਘੰਟੇ ਸਪਲਾਈ ਮਿਲਣ ਨਾਲ ਕਿਸਾਨਾਂ ਦਾ ਝੋਨੇ ਦੀ ਪਨੀਰੀ,ਝੋਨਾ,ਪਸ਼ੂਆਂ ਦਾ ਚਾਰਾ ਸੁੱਕ ਰਿਹਾ ਹੈ। ਜਿਸ ਕਾਰਨ ਕਿਸਾਨਾਂ ਦਾ ਭਾਰੀ ਮਾਲੀ ਨੁਕਸਾਨ ਹੋ ਰਿਹਾ ਹੈ।ਵਾਰ ਵਾਰ ਪਾਵਰਕਾਮ ਅਧਿਕਾਰੀਆਂ ਦੇ ਧਿਆਨ ਵਿੱਚ ਮਾਮਲਾ ਲਿਆਉਣ ਦੇ ਬਾਵਜੂਦ ਸਮੱਸਿਆ ਹੱਲ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਪਾਵਰਕਾਮ ਦੇ ਘਟੀਆਂ ਪ੍ਰਬੰਧਾਂ ਖ਼ਿਲਾਫ ਕਿਸਾਨਾਂ ਵਿੱਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ।ਜੇਕਰ ਅਜੇ ਵੀ ਵਿਭਾਗ ਦੀ ਜਾਗ ਨਾ ਖੁੱਲੀ ਤਾਂ ਅਧਿਕਾਰੀ ਕਿਸਾਨਾਂ ਦੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ।



ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਵਲੋਂ ਜਗਰੂਪ ਸਿੰਘ ਅੰਬੀਆਂ ਤੋਹਫ਼ਾ,ਬਲਜਿੰਦਰ ਸਿੰਘ, ਲਖਵਿੰਦਰ ਸਿੰਘ ਚੀਮਾ, ਦੁਆਬਾ ਕਿਸਾਨ ਸੰਘਰਸ਼ ਕਮੇਟੀ ਵਲੋਂ ਅਮਰਜੀਤ ਸਿੰਘ, ਪੁਨੀਤ ਸਿੰਘ ਲਿੱਧੜ, ਲਖਵਿੰਦਰ ਸਿੰਘ ਨੂਸੀ,ਕ੍ਰਿਪਾਲ ਸਿੰਘ, ਅਸ਼ੋਕ ਕੁਮਾਰ, ਗੁਰਪ੍ਰੀਤ ਸਿੰਘ ਲਿੱਧੜ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਕਸ਼ਮੀਰ ਸਿੰਘ ਘੁੱਗਸ਼ੋਰ ਸਮੇਤ ਵੱਡੀ ਗਿਣਤੀ ਕਿਸਾਨ ਹਾਜ਼ਰਿ ਸਨ।

# ਫਾਟਕ ਬੰਦ ਨਾ ਹੋਣ ਕਰਕੇ ਰੇਲਵੇ ਟਰੈਕ ਤੇ ਚਲ ਰਹੇ ਸਪੈਸ਼ਲ ਟਰੱਕ ਨੇ ਕਾਰ ਨੂੰ ਮਾਰੀ ਟੱਕਰ

**ਪੰਚਕਲਾ (ਦੀਪਕ ਸਰਮਾ)** ਦੇਰ ਸਾਮ ਪਿੰਜੌਰ ਤੋਂ ਕਾਲਕਾ ਦੇ ਵਿਚਕਾਰ ਬਣੇ ਰੇਲਵੇ ਫਾਟਕ ਬੰਦ ਨਾ ਹੋਣ ਕਾਰਨ ਰੇਲਵੇ ਟਰੈਕ 'ਤੇ ਆ ਰਿਹਾ ਇਕ ਰੇਲਵੇ ਸਪੈਸਲ ਟਰੱਕ ਕਾਲਕਾ ਤੋਂ ਪਿੰਜੌਰ ਜਾ ਰਹੀ ਇਕ ਕਾਰ ਨਾਲ ਟਕਰਾ ਗਿਆ । ਹਾਦਸੇ ਵਿੱਚ ਕਾਰ ਬੁਰੀ ਤਰਾਂ ਨੁਕਸਾਨੀ ਗਈ। ਇਹ ਖੁਸਕਿਸਮਤੀ ਵਾਲੀ ਗੱਲ ਸੀ ਕਿ ਰੇਲਵੇ ਟ੍ਰੈਕ 'ਤੇ ਚੱਲ ਰਿਹਾ ਇਹ ਟਰੱਕ ਕਾਰ ਨਾਲ ਟਕਰਾ ਗਿਆ, ਜੇ ਉਸਦੀ ਜਗਾ' ਤੇ ਕੋਈ ਦੋ ਪਹੀਆ ਵਾਹਨ ਜਾਂ ਪੈਦਲ ਯਾਤਰੀ ਹੁੰਦਾ, ਤਾਂ ਜਾਨ ਦਾ ਨੁਕਸਾਨ ਹੋ ਸਕਦਾ ਸੀ । ਇਸ ਦੇ ਨਾਲ ਹੀ ਆਰ.ਪੀ.ਐਫ ਦੇ ਏ.ਐਸ.ਆਈ ਵੀਰਪਾਲ ਨੇ ਦੱਸਿਆ ਕਿ ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਉਹ ਮੌਕੇ 'ਤੇ ਪਹੁੰਚ ਗਏ ਸਨ । ਹੁਣ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਫਾਟਕ ਖੁੱਲਾ ਕਿਵੇਂ ਰਹਿ ਗਿਆ, ਜਿਹੜਾ ਵੀ ਦੋਸੀ ਪਾਇਆ ਗਿਆ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ । ਆਰ.ਪੀ.ਐਫ ਚੌਕੀ ਇੰਚਾਰਜ ਐਸ.ਆਰ ਮੀਨਾ ਨੇ ਦੱਸਿਆ ਕਿ ਰੇਲਵੇ ਰਿਪੇਅਰ ਕਰਨ ਵਾਲੇ ਟਰੱਕ ਵਿੱਚ ਇੱਕ ਡਰਾਈਵਰ ਸੀ ਜੋ ਅਜੇ ਫਰਾਰ ਹੈ।ਇਸ ਟਰੱਕ ਵਿਚ ਕੋਈ ਹੋਰ ਸਵਾਰ ਸੀ ਜਾਂ ਨਹੀਂ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਉਨਾਂ ਕਿਹਾ ਕਿ ਸਬੰਧਤ ਵਿਭਾਗ ਡੌਮੀਨੇਟ ਬਣਾਏਗਾ, ਜੋ ਵੀ ਦੋਸੀ ਪਾਇਆ ਗਿਆ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ । ਆਰ.ਪੀ.ਐਫ ਪੁਲਿਸ ਦੇ ਅਨੁਸਾਰ ਕਾਰ ਵਿੱਚ ਇੱਕ ਹੀ ਵਿਅਕਤੀ ਸੀ ਜੋ ਕਾਰ ਚਲਾ ਰਿਹਾ ਸੀ ।ਸੰਜੇ ਬੰਸਲ ਨੇ ਦੱਸਿਆ ਕਿ ਇਹ ਕਾਰ ਉਸ ਦੇ ਕਿਸੀ ਜਾਣੂ ਦੀ ਹੈ। ਹਾਦਸੇ ਤੋਂ ਬਾਅਦ, ਵਾਹਨ ਚਾਲਕ ਪ੍ਰੇਮ ਸਿੰਘ ਬੇਹੋਸ ਹੋ ਗਿਆ ਅਤੇ ਲੰਬੇ ਸਮੇਂ ਬਾਅਦ ਉਸਨੂੰ ਹੋਸ ਆਈ । ਮੌਕੇ 'ਤੇ ਕਾਲਕਾ ਤੋਂ ਪਹੁੰਚੀ ਜੀ.ਆਰ.ਪੀ ਪੁਲਿਸ ਨੇ ਜਾਂਚ ਸੁਰੂ ਕਰ ਦਿੱਤੀ ਹੈ । ਹੋਸ ਆਉਣ 'ਤੇ ਕਾਰ ਚਾਲਕ ਨੇ ਦੱਸਿਆ ਕਿ ਉਹ ਕਾਲਕਾ ਤੋਂ ਪਿੰਜੌਰ ਜਾ ਰਿਹਾ ਸੀ, ਫਾਟਕ ਖੁੱਲਾ ਸੀ । ਅਜਿਹੀ ਸਥਿਤੀ ਵਿੱਚ, ਜਿਵੇਂ ਹੀ ਉਸਨੇ ਕਾਰ ਤੋਂ ਰੇਲਵੇ ਟਰੈਕ ਪਾਰ ਕਰਨ ਲੱਗਿਆ ਕਾਲਕਾ ਤੋਂ ਸੂਰਜਪੁਰ ਜਾ ਰਹੇ ਰੇਲਵੇ ਟਰੱਕ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਰੇਲਵੇ ਦੇ ਗੇਟਮੈਨ ਸੰਜੇ ਨੇ ਦੱਸਿਆ ਕਿ ਉਸਨੂੰ ਪਤਾ ਨਹੀਂ ਸੀ ਕਿ ਇਹ ਟਰੱਕ ਰੇਲਵੇ ਲਾਈਨ ਤੇ ਆ ਰਿਹਾ ਸੀ ।



# ਨਸ਼ਿਆਂ ਤੋ ਜਾਗਰੂਕ ਕਰਨ ਲਈ ਪੁਲਿਸ ਨੇ ਜਾਗਰੂਕਤਾ ਰੈਲੀ ਕੱਢੀ

**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ)** ਥਾਣਾ ਕਰਤਾਰਪੁਰ ਦੀ ਪੁਲੀਸ ਪਾਰਟੀ ਅਤੇ ਇੰਚਾਰਜ ਸਾਂਝ ਕੇਂਦਰ ਪੂਰਨ ਸਿੰਘ ਅਤੇ ਪੰਜਾਬੀ ਲੋਕ ਗਾਇਕ ਦਲਵਿੰਦਰ ਦਿਆਲਪੁਰੀ (ਮੈਂਬਰ ਸਾਂਝ ਕੇਂਦਰ), ਜਸਪਾਲ ਸਿੰਘ (ਸੈਕਟਰੀ ਸਾਂਝ ਕੇਂਦਰ) ਵੱਲੋਂ ਸਾਂਝੇ ਤੌਰ ਤੇ ਇਲਾਕਾ ਥਾਣਾ ਕਰਤਾਰਪੁਰ ਅਧੀਨ ਪੈਂਦੇ ਬਾਜ਼ਾਰ, ਬੱਸ ਸਟੈਂਡ, ਟੈਕਸੀ ਸਟੈਂਡ ਆਟੋ ਰਿਕਸ਼ਾ ਸਟੈਂਡ ਰਿਕਸ਼ਿਆਂ ਵਾਲਿਆਂ ਅਤੇ ਰਾਹਗੀਰਾਂ ਵਿਚਕਾਰ ਨਸ਼ਾ ਮੁਕਤ ਮੁਹਿੰਮ ਦੌਰਾਨ ਵਿਸ਼ਾਲ ਪੱਧਰ ਦੀ ਰੈਲੀ ਕੱਢੀ ਗਈ। ਜਿਸ ਵਿਚ ਸਥਾਨਕ ਲੋਕਾਂ ਨੇ ਭਰਵਾਂ ਸਹਿਯੋਗ ਦਿੱਤਾ ਅਤੇ ਬੱਸਾਂ ਵਿਚ ਬੈਠੇ ਯਾਤਰੀਆਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਆਪ ਵੀ ਨਸ਼ਾ ਮੁਕਤ ਹੋਣਗੇ ਅਤੇ ਆਪਣੇ ਆਸ ਪਾਸ ਦੇ ਲੋਕਾਂ ਨੂੰ ਵੀ ਜਾਗਰੂਕ ਕਰਨਗੇ। ਇਸ ਮੌਕੇ ਤੇ ਸੁਖਪਾਲ ਸਿੰਘ ਪੀ.ਪੀ ਐੱਸ ਉਪ ਪੁਲੀਸ ਕਪਤਾਨ ਸਬ ਡਿਵੀਜ਼ਨ ਕਰਤਾਰਪੁਰ ਜੀ ਨੇ ਹੱਥਾਂ ਵਿੱਚ ਫੜੇ ਨਸ਼ਾ ਛਡਾਊ "ਪੰਜਾਬੀਓ ਜਾਗੋ ਅਤੇ ਨਸ਼ੇ ਤਿਆਗੋ "ਦੇ ਸਲੋਗਨ ਦੇ ਨਾਲ ਹਰ ਆਮ ਅਤੇ ਖਾਸ ਲੋਕਾਂ ਨੂੰ ਸੂਚਿਤ ਤੇ ਜਾਣਕਾਰੀ ਦਿੱਤੀ ਗਈ। ਫਰਨੀਚਰ ਬਾਜ਼ਾਰ ਬਾਰਾਂਦਰੀ ਬਾਜ਼ਾਰ ਵਿੱਚ ਜਾ ਕੇ ਲੋਕਾਂ ਨੂੰ ਅਤੇ ਦੁਕਾਨਦਾਰਾਂ ਨੂੰ ਵੀ ਸੂਚਿਤ ਅਤੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਇੰਸਪੈਕਟਰ ਰਾਮ ਸਿੰਘ ਥਾਣਾ ਕਰਤਾਰਪੁਰ, ਏ.ਐਸ.ਆਈ ਜਗਤਾਰ ਸਿੰਘ ਇੰਚਾਰਜ ਸਾਂਝ ਕੇਂਦਰ ਕਰਤਾਰਪੁਰ ,ਏ.ਐਸ.ਆਈ ਮਨਜੀਤ ਸਿੰਘ ਥਾਣਾ ਕਰਤਾਰਪੁਰ, ਏ.ਐਸ.ਆਈ ਬੋਧ ਰਾਜ ਥਾਣਾ ਕਰਤਾਰਪੁਰ ਵੀ ਮੌਜੂਦ ਸਨ ।



## ਠੰਡੇ ਮਿੱਠੇ ਜਲ ਦੀ ਛਬੀਲ ਲਗਾਈ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ )** ਨਿਰਜਲਾ ਇੱਕਾਦਸ਼ੀ ਮੌਕੇ ਗੁਲਮੋਹਰ ਕਲੋਨੀ ਨਿਵਾਸੀ ਪ੍ਰਵੀਨ ਸਹਿਗਲ, ਜੋਤੀ ਸਹਿਗਲ,ਸੁਮਿਤ ਸਹਿਗਲ, ਮੋਨਿਕਾ ਸਹਿਗਲ, ਉਦਵਿਤਾ ਸਹਿਗਲ ਵੱਲੋਂ ਕਲੋਨੀ ਦੇ ਬਾਹਰ ਰੋਡ ਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ।ਇਸ ਮੌਕੇ ਸਹਿਗਲ ਪਰਿਵਾਰ ਅਤੇ ਸੁਨੀਲ ਹਾਂਡਾ, ਦੀਪਕ ਢੱਲ ਆਦਿ ਨੇ ਸੰਗਤ ਨੂੰ ਬੜੀ ਸ਼ਰਧਾ ਨਾਲ ਛਬੀਲ ਵਰਤਾਈ।

## ਠੰਢੇ ਮਿੱਠੇ ਜਲ ਦੀ ਛਬੀਲ ਲਗਾਈ



ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਅਤੇ ਨਿਰਜਲਾ ਇਕਾਦਸ਼ੀ ਦੇ ਸੰਬੰਧ ਵਿੱਚ ਸ੍ਰੀ ਵਿਸ਼ਵਕਰਮਾ ਮੰਦਿਰ ਕਮੇਟੀ ਬਾਜ਼ਾਰ ਵਿਚ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ ।ਇਸ ਮੌਕੇ ਤੇ ਪ੍ਰਧਾਨ ਜੁਝਾਰ ਸਿੰਘ ਸੱਗੂ ,ਰਾਹੁਲ, ਲੱਕੀ, ਮੁਕੁਲ ,ਆਜ਼ਾਦ ਵੀਰ,ਸਵੀਜ਼ਲ ਠਾਕੁਰ ,ਪਵਨ ਠਾਕੁਰ, ਸਤਨਾਮ, ਰਾਜਵੀਰ ,ਪ੍ਰਮੋਦ ਕੁਮਾਰ ,ਦੀਪਕ ਸ਼ਰਮਾ, ਡਾਕਟਰ ਜਗਤਾਰ ਸਿੰਘ ਆਦਿ ਹਾਜ਼ਰ ਸਨ

# ਡਾ: ਸ਼ਿਆਮਾ ਪ੍ਰਸ਼ਾਦ ਮੁਖਰਜੀ ਦੇ ਸ਼ਹੀਦੀ ਦਿਹਾੜੇ 'ਤੇ ਸ਼ਰਧਾਂਜਲੀ ਭੇਟ ਕੀਤੀ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਭਾਜਪਾ ਮੰਡਲ ਕਰਤਾਰਪੁਰ ਨੇ ਡਾ: ਸ਼ਿਆਮਾ ਪ੍ਰਸ਼ਾਦ ਮੁਖਰਜੀ ਦੇ ਬਲੀਦਾਨ ਦਿਵਸ ਮੌਕੇ ਭਾਰਤੀ ਜਨਸੰਘ ਦੇ ਸੰਸਥਾਪਕ ਡਾ: ਸ਼ਿਆਮਾ ਪ੍ਰਸ਼ਾਦ ਮੁਖਰਜੀ ਨੂੰ ਸ਼ਰਧਾਂਜਲੀ ਭੇਟ ਕੀਤੀ, ਇਹ ਸਮਾਰੋਹ ਮੰਡਲ ਪ੍ਰਧਾਨ ਸ਼ੈਲੀ ਮਹਾਜਨ ਦੀ ਦੇਖਰੇਖ ਹੇਠ ਹੋਇਆ, ਜਿਸ ਵਿੱਚ ਭਾਜਪਾ ਜ਼ਿਲ੍ਹਾ ਜਲੰਧਰ ਦੇਹਾਤੀ ਦੇ ਪ੍ਰਧਾਨ ਅਮਰਜੀਤ ਸਿੰਘ ਅਮਰੀ, ਪੰਜਾਬ ਕਾਰਜਕਾਰੀ ਮੈਂਬਰ ਰਣਜੀਵ ਪੰਜਾ, ਜਨਰਲ ਸਕੱਤਰ ਗਿਰਧਾਰੀ ਲਾਲ, ਜ਼ਿਲ੍ਹਾ ਸਕੱਤਰ ਐਡਵੋਕੇਟ ਕ੍ਰਿਸ਼ਨ ਕੁਮਾਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਜਿਸ ਵਿਚ ਡਾ: ਸ਼ਿਆਮਾ ਪ੍ਰਸ਼ਾਦ ਮੁਖਰਜੀ ਦੇ ਵਿਚਾਰਾਂ 'ਤੇ ਸੈਮੀਨਾਰ ਕਰਵਾਇਆ ਗਿਆ। ਉਸ ਤੋਂ ਬਾਅਦ ਸਾਰਿਆਂ ਨੇ ਡਾ: ਸ਼ਿਆਮਾ ਪ੍ਰਸ਼ਾਦ ਮੁਖਰਜੀ ਦੀ ਤਸਵੀਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਭਾਜਪਾ ਮੰਡਲ ਕਰਤਾਰਪੁਰ ਤੋਂ ਜਨਰਲ ਸੱਕਤਰ ਪਵਨ ਠਾਕੁਰ, ਮੰਡਲ ਇੰਚਾਰਜ ਹੈਪੀ ਸਿਲੀ, ਖਜ਼ਾਨਚੀ ਮਧੂਸੂਦਨ ਬਾਹੀਰੀ, ਐਸ ਸੀ ਮੋਰਚਾ ਦੇ ਪ੍ਰਧਾਨ ਸੋਮ ਲਾਲ ਪਾਲ, ਓ ਬੀ ਸੀ ਮੋਰਚਾ ਦੇ ਪ੍ਰਧਾਨ ਨਰਿੰਦਰ ਸਿੰਘ, ਯੁਵਾ ਮੋਰਚਾ ਦੇ ਪ੍ਰਧਾਨ ਅਮਨਦੀਪ ਸ਼ਰਮਾ, ਘੱਟ ਗਿਣਤੀ ਮੋਰਚਾ ਦੇ ਪ੍ਰਧਾਨ ਸੰਨੀ ਲਿੱਧੜਾਂ, ਕਿਸਾਨ ਮੋਰਚਾ ਦੇ ਪ੍ਰਧਾਨ ਸ. ਬੂਟਾ ਸਿੰਘ, ਯੁਵਾ ਮੋਰਚਾ ਦੇ ਉਪ ਪ੍ਰਧਾਨ ਆਸ਼ੂ ਸ਼ਰਮਾ ਸਮੇਤ ਬਹੁਤ ਸਾਰੇ ਵਰਕਰ ਮੌਜੂਦ ਸਨ।



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋ ਰਹੀਆਂ ਬੇਅਦਬੀਆਂ ਨੂੰ ਠੱਲ੍ਹ ਪਾਉਣ ਲਈ ਕੀਤੇ ਅਹਿਮ ਫ਼ੈਸਲੇ

## ਬਾਬਾ ਬਿਬੇਕ ਸਿੰਘ ਕੈਲੀਫੋਰਨੀਆ ਸਟੇਟ ਦੇ ਸਿੱਖ ਗੁਰਦੁਆਰਾ ਰਿਵਰ ਸਾਈਡ ਵਿੱਚ ਪੰਥਕ ਇਕੱਤਰਤਾ ਕੀਤੀ ਗਈ

**ਜੰਡਿਆਲਾ ਗੁਰੂ ( ਕੁਲਵੰਤ ਸਿੰਘ ਵਿਰਦੀ )** ਬੀਤੇ ਦਿਨ ਮਿਤੀ 20 ਜੂਨ ਦਿਨ ਐਤਵਾਰ ਨੂੰ ਬਾਬਾ ਰਾਮ ਸਿੰਘ ਜੀ ਕੈਲੀਫੋਰਨੀਆ ਵੱਲੋਂ ਬਾਬਾ ਬਿਬੇਕ ਸਿੰਘ ਜੀ ਮੁੱਖ ਸੇਵਾਦਾਰ ਗੁਰਦੁਆਰਾ ਨਾਨਕਸਰ ਜੰਡਿਆਲਾ ਗੁਰੂ ਜੀ ਨਾਲ ਜਾਣਕਾਰੀ ਸਾਂਝੀ ਕੀਤੀ ਜਿਸ ਵਿੱਚ ਬਾਬਾ ਬਿਬੇਕ ਸਿੰਘ ਜੀ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਲੇਵਾ ਸੰਗਤਾਂ ਵੱਲੋਂ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਦੇ ਸਿੱਖ ਗੁਰਦੁਆਰਾ ਰਿਵਰ ਸਾਈਡ ਵਿੱਚ ਪੰਥਕ ਇਕੱਤਰਤਾ ਕੀਤੀ ਗਈ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ , ਪੰਜਾਬ , ਹਰਿਆਣਾ , ਰਾਜਸਥਾਨ ਵਿੱਚ ਹੋ ਰਹੀਆਂ ਬੇਅਦਬੀਆਂ ਨੂੰ ਠੱਲ੍ਹ ਪਾਉਣ ਲਈ ਅਤੇ ਜੜੋਂ ਖਤਮ ਕਰਨ ਲਈ ਸੰਗਤੀ ਰੂਪ ਵਿੱਚ ਅਹਿਮ ਫ਼ੈਸਲੇ ਕੀਤੇ ਗਏ ਸਮੁੱਚੀ ਸਾਧ ਸੰਗਤ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜੰਗੀਰ ਕੌਰ ਜੀ,ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਹਰਪ੍ਰੀਤ ਸਿੰਘ ਜੀ , ਸਮੂਹ ਜੱਥੇਬੰਦੀਆਂ , ਸੰਪ੍ਰਦਾਵਾਂ ਸਮੂਹ ਨਿਹੰਗ ਸਿੰਘ ਜਥੇਬੰਦੀਆਂ,ਸਭਾ,ਸੁਸਾਇਟੀਆਂ, ਟਰੱਸਟਾਂ, ਸੰਸਥਾਵਾਂ ਨੂੰ ਬੇਨਤੀ ਕੀਤੀ ਗਈ ਕਿ ਇੱਕ ਮਹੀਨੇ ਦੇ ਵਿੱਚ ਵਿੱਚ ਸੰਗਤਾਂ ਨੂੰ ਦੱਸਿਆ ਜਾਵੇ ਕਿ ਕੀ ਆਪ ਸਭ ਗੁਰੂ ਸਾਹਿਬ ਜਾਂ ਪੋਥੀ ਸਾਹਿਬ ਜੀ ਦੀਆਂ ਹੋ ਰਹੀ ਬੇਅਦਬੀਆਂ ਨੂੰ ਮੁੱਢੋਂ ਖਤਮ ਕਰਨ ਲਈ ਖਾਲਸਾ ਪੰਥ ਸਿੱਖੀ ਲਹਿਰ ਨੌਰਥ ਅਮੇਰਿਕਾ ਨਾਲ ਖੜੇ ਹੋ ਜਾਂ ਤੁਸੀਂ ਅਪਣੇ ਤਰੀਕੇ ਨਾਲ ਬੇਅਦਬੀਆਂ ਰੋਕਣ ਲਈ ਜੱਦੋ-ਜਹਿਦ ਕਰ ਰਹੇ ਹੋ ।ਜਿਹੜਾ ਵੀ ਤਰੀਕਾ ਤੁਸੀਂ ਅਪਣਾਇਆ ਉਹ ਸੰਗਤ ਨਾਲ ਸਾਂਝਾ ਕੀਤਾ ਜਾਵੇ ਜੇ ਯੋਗਦਾਨ ਨਹੀਂ ਪਾ ਰਹੇ ਹੋ ਤਾਂ ਖਾਲਸਾ ਪੰਥ ਸਿੱਖੀ ਲਹਿਰ ਨੌਰਥ ਅਮੇਰਿਕਾ ਵਲੋਂ ਚਲਾਈ ਗਈ ਬੇਅਦਬੀਆਂ ਨੂੰ ਰੋਕਣ ਦੀ ਮੁਹਿੰਮ ਦਾ ਹਿਸਾ ਬਣਨਾਂ ਪਵੇਗਾ ਜਾਂ ਆਪ ਜੀ ਨੂੰ ਆਪਣੇ ਆਲੇ ਦੁਆਲੇ ਪਿੰਡਾਂ ਅਤੇ ਸ਼ਹਿਰਾਂ ਦੇ ਗੁਰੂ ਘਰਾਂ ਦੀ,ਜਾਂ ਜਿਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਨ ਦੀ ਸੇਵਾ ਸੰਭਾਲ ਕਰਨੀ ਪਵੇਗੀ । ਅਜਿਹਾ ਨਾ ਕਰਨ ਤੇ ਹਰੇਕ ਜਥੇਬੰਦੀ ਨੂੰ ਸਮੂਹ ਸਿੱਖ ਸੰਗਤ ਨੂੰ ਜਵਾਬ ਦੇਣਾ ਪਵੇਗਾ। ਇਹ ਜਵਾਬ ਈਮੇਲ, ਵੀਡਿਓ ਰਾਹੀਂ, ਫੋਨ, ਸੋਸ਼ਲ ਮੀਡੀਆ ਰਾਹੀਂ ਸੰਗਤਾਂ ਤੱਕ ਪਹੁੰਚਾ ਸਕਦੇ ਹੋ ਕਿ ਇਸ ਕਾਰਨ ਅਸੀਂ ਸਾਥ ਨਹੀਂ ਦੇ ਸਕਦੇ ਤੇ ਇਹ ਜਵਾਬ ਇੱਕ ਮਹੀਨੇ ਦੇ ਵਿੱਚ ਵਿੱਚ ਆਉਣਾ ਚਾਹੀਦਾ ਜਵਾਬ ਨਾ ਦੇਣ ਤੇ ਇਹ ਹੀ ਸਮਝਿਆ ਜਾਵੇਗਾ ਕਿ ਆਪ ਜੀ ਨੂੰ ਹੋ ਰਹੀਆਂ ਬੇਅਦਬੀਆਂ ਦਾ ਕੋਈ ਫ਼ਕਿਰ ਨਹੀਂ ਹੈ । ਮਹੀਨਾਵਾਰੀ ਪੰਥਕ ਇੱਕਤਰਤਾ ਵਿਚ ਸਾਰੀ ਜਾਣਕਾਰੀ ਸ਼ਾਝੀ ਕੀਤੀ ਜਾਵੇਗੀ ਅਤੇ ਇਹ ਦੱਸਿਆ ਜਾਵੇਗਾ ਕਿ ਕੌਣ ਪੰਥ ਨਾਲ ਤੁਰਿਆ ਹੈ ਤੇ ਕੌਣ ਨਹੀਂ। ਗ੍ਰੰਥੀ ਸਿੰਘਾਂ ਦੀ ਤਨਖਾਹ ਵਿਚ ਵਾਧਾ ਕਰਨ ਤੇ ਉਨ੍ਹਾਂ ਨੂੰ ਹੋਰ ਸੇਵਾਵਾਂ ਦਿੱਤੀਆਂ ਜਾਣਗੀਆਂ। ਜਿਵੇਂ ਕਿ ਗ੍ਰੰਥੀ ਸਿੰਘ ਦੀ ਗੁਰੂ ਸਾਹਿਬ ਦੀ ਸੰਗਤਾਂ ਤੋਂ ਪਹਿਰੇਦਾਰੀ,ਚੋਬਦਾਰੀ ਕਰਾਉਣ ਦੀ ਜੁੰਮੇਵਾਰੀ ਹੋਵੇਗੀ। ਇਹ ਕਾਰਜ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੀ ਕਰਵਾ ਸਕਦੀਆਂ ਹਨ। ਜਿੱਥੇ ਬੇਅਦਬੀਆਂ ਨੂੰ ਰੋਕਣ ਲਈ ਇਹ ਵਿਸ਼ੇਸ਼ ਕਾਰਜ ਗੁਰੂ ਸਾਹਿਬ ਦੁਆਰਾ ਕਰਵਾਇਆ ਜਾ ਰਿਹਾ ਹੈ ਉੱਥੇ ਗ੍ਰੰਥੀ ਸਿੰਘਾਂ ਦੀਆ ਤਨਖਾਹਾ ਵਧਾ ਕਿ ਗੁਰਬਾਣੀ ਸੰਥਿਆ, ਕੀਰਤਨ ਸਿਖਲਾਈ , ਗੱਤਕਾ ਸਿਖਲਾਈ , ਗੁਰਬਾਣੀ ਅਤੇ ਹੋਰ ਪੰਥ ਪ੍ਰਵਾਨਤ ਗ੍ਰੰਥਾਂ ਦੇ ਭਾਵ ਅਰਥ ਪੜਾਉਣ ਲਈ ਗ੍ਰੰਥੀ ਸਿੰਘ ਜਾਂ ਉਹਨਾਂ ਦੁਆਰਾ ਹੋਰ ਸਿੰਘ ਇਹ ਸੇਵਾ ਲਈ ਰੱਖਿਆ ਜਾਵੇਗਾ। ਸਮੁੱਚੀਆਂ ਜਥੇਬੰਦੀਆਂ ਨੂੰ ਇਸ ਮੁਹਿੰਮ ਵਿੱਚ ਅਤਿ ਲਾਜ਼ਮੀ ਹਿੱਸਾ ਪਾਉਣਾ ਹੀ ਪਵੇਗਾ ਕਿਉਂਕਿ ਸਭ ਕੁਝ ਉਸ ਗੁਰੂ ਸਾਹਿਬ ਨੂੰ ਪ੍ਰਚਾਰ ਕੇ ਹੀ ਅਸੀਂ ਬਣਾਇਆ ਹੈ ਤੇ ਜੇ ਸਾਡੇ ਸਾਹਮਣੇ ਉਸ ਗੁਰੂ ਸਾਹਿਬ ਦਾ ਨਿਰਾਦਰ ਹੋ ਰਿਹਾ ਹੋਵੇ ਤੇ ਅਸੀਂ ਚੁੱਪ ਰਹੀਏ ਇਹ ਸੰਗਤ ਬਰਦਾਸ਼ਤ ਨਹੀਂ ਕਰੇਗੀ।ਆਸ ਹੈ ਕੇ ਸਮੁੱਚੀਆਂ ਜਥੇਬੰਦੀਆਂ ਬੇਅਦਬੀਆਂ ਨੂੰ ਰੋਕਣ ਲਈ ਅਪਣਾ ਫਰਜ ਸਮਝਦੀਆਂ ਹੋਈਆਂ ਜ਼ਰੂਰ ਅੱਗੇ ਆਉਣਗੀਆਂ।



# ਪੁਲਿਸ ਦੀ ਮੌਜੂਦਗੀ ਵਿੱਚ ਕੀਤਾ ਗਿਆ ਗੈਂਗਸਟਰ ਜੈਪਾਲ ਭੁੱਲਰ ਦਾ ਅੰਤਿਮ ਸੰਸਕਾਰ

## ਛੋਟੇ ਭਰਾ ਅੰਮ੍ਰਿਤ ਪਾਲ ਨੇ ਕੀਤਾ ਅਗਨੀਭੇਂਟ





**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਪਿਛਲੀ ਦਿਨੀ ਹੋਏ ਗੈਂਗਸਟਰ ਜੈ ਪਾਲ ਭੁੱਲਰ ਦੇ ਐਨਕਾਊਂਟਰ ਤੋਂ ਬਾਅਦ ਪਰਿਵਾਰ ਵਲੋਂ ਉਸਦੀ ਮ੍ਰਿਤਕ ਦੇਹ ਦਾ ਦੁਬਾਰਾ ਪੋਸਟਮਾਰਟਮ ਕਰਨ ਲਈ ਹਾਈਕੋਰਟ ਵਿੱਚ ਪਟੀਸ਼ਨ ਪਾਈ ਗਈ ਸੀ ਜਿਸ ਤੇ ਸੁਣਵਾਈ ਕਰਦਿਆਂ ਮ੍ਰਿਤਕ ਦੇਹ ਦਾ ਕੱਲ੍ਹ ਪੀ ਜੀ ਆਈ ਚੰਡੀਗੜ੍ਹ ਵਿਖੇ ਪੋਸਟਮਾਰਟਮ ਕੀਤਾ ਗਿਆ ਸੀ। ਜੀਰਾ ਗੇਟ ਸਥਿਤ ਫਿਰੋਜ਼ਪੁਰ ਸ਼ਹਿਰ ਵਿਖੇ ਭਾਰੀ ਪੁਲਿਸ ਫੋਰਸ ਦੀ ਟੁਕੜੀ ਵਿੱਚ ਜੈਪਾਲ ਭੁੱਲਰ ਦੀ ਮ੍ਰਿਤਕ ਦੇਹ ਦਾ ਸੰਸਕਾਰ ਕੀਤਾ ਗਿਆ। ਮ੍ਰਿਤਕ ਦੇਹ ਨੂੰ ਅਗਨੀ ਜੈ ਪਾਲ ਭੁੱਲਰ ਦੇ ਛੋਟੇ ਭਰਾ ਅੰਮ੍ਰਿਤ ਪਾਲ ਭੁੱਲਰ ਵਲੋਂ ਲਗਾਈ ਗਈ। ਜਾਣਕਾਰੀ ਅਨੁਸਾਰ ਜੈ ਪਾਲ ਭੁੱਲਰ ਦਾ ਛੋਟਾ ਭਰਾ ਅੰਮ੍ਰਿਤ ਪਾਲ ਭੁੱਲਰ ਜੋ ਕੇ ਸੰਗੀਨ ਮਾਮਲਿਆਂ ਵਿੱਚ ਬਠਿੰਡਾ ਜੇਲ੍ਹ ਵਿੱਚ ਬੰਦ ਹੈ ਜਿਸ ਨੂੰ ਭਾਰੀ ਪੁਲਿਸ ਦੀ ਟੁਕੜੀ ਵਿੱਚ ਜੀਰਾ ਗੇਟ ਸਥਿਤ ਸ਼ਮਸ਼ਾਨ ਘਾਟ ਲਿਆਦਾ ਗਿਆ ਸੀ, ਜਿਸ ਨੇ ਜੈ ਪਾਲ ਭੁੱਲਰ ਦੇ ਸੰਸਕਾਰ ਦੀਆਂ ਅੰਤਿਮ ਰਸਮਾਂ ਨਿਭਾਈਆਂ ਉਸ ਉਪਰੰਤ ਹੀ ਭਾਰੀ ਪੁਲਿਸ ਫੋਰਸ ਦੀ ਟੁਕੜੀ ਵਿੱਚ ਉਸਨੂੰ ਵਾਪਿਸ ਜੇਲ੍ਹ ਭੇਜਿਆ ਗਿਆ।